ਸਮਤਾ

ਜੂਨ 1989

ਮੁੱਲ—ਦੋ ਰੁਪਏ

107

**ਡਾਕਟਰ ਰਵਿੰਦਰ ਰਵੀ** ਦਾ ਨਾਂ ਪੰਜਾਬ ਦੇ ਸਿਰਕੱਢ ਖੱਬੀ ਧਾਰਾ ਦੇ ਬੁੱਧੀਜੀਵੀਆਂ ਵਿਚ ਗਿਣਿਆ ਜਾ ਸਕਦਾ ਹੈ। ਸਿੱਖ ਦਹਿਸ਼ਤਗਰਦਾਂ ਦੇ ਹਥੋਂ ਉਹਦੀ ਹੱਤਿਆ ਇਕ ਬਹੁਤ ਹੀ ਦੁਖਦਾਈ ਘਟਨਾ ਹੈ। ਇਹ ਮੂਲਵਾਦੀਆਂ ਦੀ ਉਸ ਫਾਸ਼ੀ ਸੋਚ ਦਾ ਨਤੀਜਾ ਹੈ ਕਿ ਜਿਹੜੇ ਉਹਨਾਂ ਨਾਲ ਸਹਿਮਤ ਨਹੀਂ, ਉਨ੍ਹਾਂ ਨੂੰ ਇਸ ਧਰਤੀ 'ਤੇ ਜੀਣ ਦਾ ਹੱਕ ਨਹੀਂ। ਇਸ ਖਤਰਨਾਕ ਮਨੁੱਖ ਵਿਰੋਧੀ ਸੋਚ ਦੇ ਵਿਰੁੱਧ ਸੰਘਰਸ਼ ਕਰਨਾ ਸਾਡਾ ਸਾਰਿਆਂ ਦਾ ਵੱਡਾ ਫਰਜ਼ ਹੈ। ਆਪਣੇ ਵਿਛੜੇ ਹੋਏ ਸਾਥੀ ਨੂੰ ਸ਼ਰਧਾਂਜਲੀ ਦੇਂਦੇ ਹੋਏ ਅਸੀਂ ਇਸ ਫਰਜ਼ ਨੂੰ ਬੜੀ ਸ਼ਿੱਦਤ ਨਾਲ ਨਿਭਾਉਣ ਦਾ ਅਹਿਦ ਕਰਦੇ ਹਾਂ/**ਅਦਾਰਾ ਸਮਤਾ**

## ਸੰਪਾਦਕੀ : **ਖੜੋਤ ਅਵਸਥਾ ਵਿਚੋਂ ਲੋਕਾਂ ਨੂੰ ਕਿਸ ਤਰ੍ਹਾਂ ਕੱਢਿਆ ਜਾਏ**

ਭਾਰਤ ਦੇ ਸਾਧਾਰਨ ਲੋਕਾਂ ਨੂੰ ਕਾਫੀ ਹੱਦ ਤਕ ਇਹ ਗੱਲ ਸਾਫ ਹੋ ਗਈ ਹੈ ਕਿ ਭਾਰਤੀ ਸਰਕਾਰ ਇਕ ਬੜੀ ਨਿਕੰਮੀ ਜਿਹੀ ਸਰਕਾਰ ਹੈ, ਜਿਸ ਉਤੇ ਭ੍ਰਿਸ਼ਟ ਕਿਸਮ ਦੇ ਲੋਕ ਹਾਵੀ ਹੋ ਕੇ ਬੈਠੇ ਹਨ। ਲੋਕਾਂ ਨੂੰ ਆਪਣੇ ਲਈ ਇਸ ਸਰਕਾਰ ਵਲੋਂ ਕਿਸੇ ਕਿਸਮ ਦੀ ਬੇਹਤਰੀ ਦੀ ਉਮੀਦ ਨਹੀਂ ਹੋ ਸਕਦੀ। ਲੋਕਾਂ ਨੂੰ ਜਿਸ ਪੱਖ ਤੋਂ ਰੋਸ਼ਨੀ ਨਹੀਂ ਮਿਲ ਰਹੀ; ਉਹ ਇਹ ਹੈ ਕਿ ਇਹ ਸਰਕਾਰ ਬਦਲੀ ਕਿਸ ਤਰ੍ਹਾਂ ਜਾਏ। ਉਹ ਬਿਲਕੁਲ **ਖੜੋਤ ਅਵਸਥਾ** ਵਿਚ ਹਨ। ਉਹਨਾਂ ਵਿਚ ਮਾਯੂਸੀ ਵੀ ਹੈ। ਸਰਕਾਰ ਬਦਲਣ ਦਾ ਰਾਹ ਜਿਹੜਾ ਘੜੀ ਮੁੜੀ ਉਨ੍ਹਾਂ ਦੇ ਸਾਹਮਣੇ ਆਂਦਾ ਹੈ, ਉਹ ਇਕੋ ਚੋਣਾਂ ਦਾ ਰਾਹ ਹੈ ਜਿਸ ਬਾਰੇ ਹੁਣ ਇਹ ਬਿਲਕੁਲ ਸਾਫ ਹੈ ਕਿ ਇਹ ਪੈਸੇ ਵਾਲਿਆਂ ਦੀ ਖੇਡ ਹੈ। ਸਰਕਾਰੀ ਪਾਰਟੀ ਦੇ ਬਦਲ ਦੇ ਤੌਰ ਤੇ ਜਿਹੜੀਆਂ ਵਿਰੋਧੀ ਪਾਰਟੀਆਂ ਹਨ, ਉਹ ਵੀ ਕੋਈ ਉਮੀਦ ਨਹੀਂ ਦੇਂਦੀਆਂ। ਉਹ ਲੋਕ ਜਿਹੜੇ ਇਸ ਦੇਸ਼ ਵਿਚ ਇਨਕਲਾਬੀ ਤਬਦੀਲੀਆਂ ਦੇ ਚਾਹਵਾਨ ਹਨ, ਉਹਨਾਂ ਲਈ ਇਹ ਖੜੋਤ ਬੜੀ ਫਿਕਰ ਵਾਲੀ ਗੱਲ ਹੈ। **ਲੋਕਾਂ ਨੂੰ ਚੁੱਪ ਦਰਸ਼ਕ ਤੋਂ ਸਰਗਰਮ ਕਾਰਜ ਕਰਤਾ ਵਿਚ ਬਦਲਣਾ ਇਕ ਵੱਡਾ ਮਸਲਾ ਹੈ।** ਭਾਰਤੀ ਕਿਸਾਨ ਯੂਨੀਅਨ ਵਲੋਂ ਦਿੱਲੀ, ਮੇਰਠ ਆਦਿਕ ਥਾਵਾਂ ਤੇ ਸੰਘਰਸ਼ ਇਸ ਦਿਸ਼ਾ ਵਿਚ ਕੁਝ ਕਦਮ ਕਿਹਾ ਜਾ ਸਕਦਾ ਹੈ। ਸੰਘਰਸ਼ ਦੇ ਨਿਸ਼ਾਨਿਆਂ ਦੇ ਸਹੀ ਜਾਂ ਗ਼ਲਤ ਹੋਣ ਦੇ ਬਾਰੇ ਵਾਦ-ਵਿਵਾਦ ਹੋ ਸਕਦਾ ਹੈ, ਪਰ ਕਿਸਾਨਾਂ ਦੀ ਵੱਡੀ ਗਿਣਤੀ ਵਿਚ ਇਸ ਸੰਘਰਸ਼ ਵਿਚ ਸ਼ਮੂਲੀਅਤ ਇਹ ਪ੍ਰਾਪਤੀ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਸੰਸਥਾ ਦੀ ਅਗਵਾਈ ਵਿਚੋਂ ਹੋਰਨਾਂ ਸੰਸਥਾਵਾਂ ਦੇ ਸਹਿਯੋਗ ਨਾਲ, 30 ਅਪ੍ਰੈਲ ਜੋ ਪੁਲਸ ਵਧੀਕੀਆਂ ਦੇ ਖਿਲਾਫ ਪੰਜਾਬ ਵਿਚ ਲੋਕਾਂ ਦੀ ਲਾਮਬੰਦੀ ਕਰਨ ਦਾ ਯਤਨ ਕੀਤਾ ਗਿਆ, ਉਹ ਵੀ ਖੜੋਤ ਨੂੰ ਤੋੜਣ ਦੇ ਯਤਨ ਵਜੋਂ ਲਿਆ ਜਾਣਾ ਚਾਹੀਦਾ ਹੈ। ਲੋਕ ਲਾਮਬੰਦੀ ਦੀਆਂ ਹੋਰ ਵੀ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਸਫਦਰ ਹਾਸ਼ਮੀ ਦੀ ਹੱਤਿਆ ਦੇ ਬਾਅਦ ਹੋਈ ਲੋਕ ਲਾਮਬੰਦੀ ਇਕ ਹੋਰ ਉਘੀ ਮਿਸਾਲ ਹੈ। ਇਹ ਲੋਕ ਲਾਮਬੰਦੀ ਬਾਕਾਇਦਾ ਇਕ ਲੋਕ ਲਹਿਰ ਦੀ ਸ਼ਕਲ ਕਿਸ ਤਰ੍ਹਾਂ ਇਖਤਿਆਰ ਕਰੇ ਅਤੇ ਇਸ ਵਿਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਹੋਏ,

**ਇਸ ਅੰਕ ਵਿਚ**–ਸੰਪਾਦਕੀ: ਖੜੋਤ ਅਵਸਥਾ ਵਿਚੋਂ ਲੋਕਾਂ ਨੂੰ ਕਿਸ ਤਰ੍ਹਾਂ ਕੱਢਿਆ ਜਾਵੇ ?
o ਸੰਪਾਦਕੀ ਟਿਪਣੀਆਂ। o ਲੰਡਨ ਵਿਚ ਕੇ. ਸੀ. ਮੋਹਨ ਅਤੇ ਅਮਰਜੀਤ ਚੰਦਨ ਦੀ ਭਗਵਾਨ ਜੋਸ਼ ਨਾਲ ਇਕ ਮੁਲਾਕਾਤ। o ਦਾਜ ਦਾ ਫੰਦਾ/ਹਰੀਸ਼ ਮੱਲਹੋਤਰਾ, ਬਰਮਿੰਘਮ। o ਪੰਜਾਬ ਸਮੱਸਿਆ ਦੌਰਾਨ ਪਿਸ ਰਹੀ ਹੈ ਪੰਜਾਬੀ ਔਰਤ/ਕਰਮ ਬਰਸਟ। o ਕਹਾਣੀ : ਇੰਤਜ਼ਾਮ/ਗੁਰਮੇਲ ਮਡਾਹੜ।

ਉਸ ਬਾਰੇ ਕੁਝ ਸੁਝਾਅ ਇਥੇ ਵਿਚਾਰ ਲਈ ਦਿਤੇ ਜਾ ਰਹੇ ਹਨ। ਇਹ ਸਾਫ ਹੈ ਕਿ ਮੌਜੂਦਾ ਹਾਲਤ ਵਿਚ ਇਸ ਲਹਿਰ ਵਿਚ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਲਈ ਵੱਡੀ ਜ਼ਰੂਰਤ ਇਹ ਹੋਵੇਗੀ ਕਿ ਇਸ ਲਹਿਰ ਦਾ ਖਾਸਾ ਜਾਂ ਇਸ ਦੀ ਰੰਗਤ ਸਿਆਸੀ ਨਹੀਂ ਹੋਵੇਗੀ, ਸਗੋਂ ਸਮਾਜਕ ਅਤੇ ਸਭਿਆਚਾਰਕ ਹੋਵੇਗੀ। ਕਿਸੇ ਪੜਾਅ ਤੇ ਜਾ ਕੇ ਇਹ ਲੋਕਾਂ ਦੀ ਇੱਛਾ ਅਨੁਸਾਰ ਹੀ ਸਿਆਸੀ ਲਹਿਰ ਵਿਚ ਬਦਲ ਜਾਏਗੀ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਲਹਿਰ ਇਕ ਦਬਾਅ ਪਾਉਣ ਵਾਲੀ ਲਹਿਰ ਹੋਵੇਗੀ। ਲਹਿਰ ਦੇ ਸ਼ੁਰੂ ਲਈ ਪਿੰਡ/ਕਸਬੇ/ਸ਼ਹਿਰ ਦੇ ਕੁਝ ਸੋਚਣ ਵਾਲੇ ਲੋਕ ਇਕ ਥਾਂ ਇਕੱਠੇ ਹੋਣ। ਇਕੱਠੇ ਕਰਨ ਲਈ ਪਹਿਲ ਕਦਮੀ ਇਕ ਦੋ ਲੋਕ ਹੀ ਕਰ ਸਕਦੇ ਹਨ। ਉਹ ਕੁਝ ਮੁੱਦਿਆਂ ਉਤੇ ਆਪਣੀ ਸਹਿਮਤੀ ਪ੍ਰਗਟਾਉਣ। ਉਹ ਮੁੱਦੇ ਹੇਠ ਲਿਖੇ ਹੋ ਸਕਦੇ ਹਨ :

- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਪੀਣ ਦੇ ਪਾਣੀ ਦਾ ਠੀਕ ਬੰਦੋਬਸਤ ਕਰਨਾ ਸਰਕਾਰ ਦਾ ਫਰਜ਼ ਹੈ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਗੰਦੇ ਪਾਣੀ ਦੇ ਨਿਕਾਸ ਦਾ ਬੰਦੋਬਸਤ ਨਹੀਂ, ਜਿਸ ਕਰਕੇ ਮੱਖੀ ਹੈ, ਮੱਛਰ ਹੈ, ਬੀਮਾਰੀਆਂ ਫੈਲਦੀਆਂ ਹਨ, ਇਹ ਨਿਕਾਸ ਦਾ ਬੰਦੋਬਸਤ ਕੀਤਾ ਜਾਏ।
- ਸਾਡੇ ਪਿੰਡ/ਕਸਬੇ/ਸ਼ਹਿਰ ਦੀਆਂ ਸੜਕਾਂ ਟੁੱਟੀਆਂ ਹੋਈਆਂ ਹਨ। ਇਹ ਸੜਕਾਂ ਠੀਕ ਕੀਤੀਆਂ ਜਾਣ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਰੋਸ਼ਨੀ ਦਾ ਠੀਕ ਬੰਦੋਬਸਤ ਨਹੀਂ। ਇਹ ਬੰਦੋਬਸਤ ਕੀਤਾ ਜਾਏ।
- ਸਾਡੇ ਪਿੰਡ/ਕਸਬੇ/ਸ਼ਹਿਰ ਦੇ ਹਸਪਤਾਲ ਵਿਚ ਦਵਾਈਆਂ ਨਹੀਂ। ਸਾਧਾਰਨ ਜ਼ਰੂਰਤ ਦੀਆਂ ਦਵਾਈਆਂ ਮੁਹੀਯਾ ਕੀਤੀਆਂ ਜਾਣ।
- ਸਾਡੇ ਪਿੰਡ/ਕਸਬੇ/ਸ਼ਹਿਰ ਦੇ ਸਕੂਲਾਂ ਵਿਚ ਬੱਚਿਆਂ ਦੇ ਬੈਠਣ ਲਈ, ਖੇਡਣ ਲਈ ਕੋਈ ਚੰਗਾ ਬੰਦੋਬਸਤ ਨਹੀਂ, ਇਹ ਬੰਦੋਬਸਤ ਕੀਤਾ ਜਾਏ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਰੋਜ਼ ਦੀਆਂ ਜ਼ਰੂਰਤਾਂ ਦੀ ਸਪਲਾਈ ਠੀਕ ਨਹੀਂ। ਇਹ ਸਪਲਾਈ ਠੀਕ ਕੀਤੀ ਜਾਏ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਪੁਲਸ ਨਾਜਾਇਜ਼ ਉਗਰਾਹੀ ਲਈ ਲੋਕਾਂ ਨੂੰ ਤੰਗ ਕਰਦੀ ਹੈ, ਇਸ ਦੀਆਂ ਕਾਰਵਾਈਆਂ ਨੂੰ ਨੱਥ ਪਾਈ ਜਾਏ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਸਾਰੀ ਰਾਤ ਲਾਊਡ ਸਪੀਕਰ ਲਗਾ ਕੇ ਜਗਰਾਤੇ ਅਤੇ ਕੀਰਤਨ ਦਰਬਾਰ ਕੀਤੇ ਜਾਂਦੇ ਹਨ। ਸਾਡੀ ਨੀਂਦਰ ਅਤੇ ਆਰਾਮ ਵਿਚ ਖੱਲਲ ਪਾਇਆ ਜਾਂਦਾ ਹੈ। ਇਹ ਲਾਊਡ ਸਪੀਕਰ ਦੀ ਵਰਤੋਂ ਬੰਦ ਕੀਤੀ ਜਾਏ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਠੱਗ ਕਿਸਮ ਦੇ ਲੋਕ ਸਾਧਾਰਨ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਠੱਗੀ ਦੀਆਂ ਦੁਕਾਨਾਂ ਚਲਾਉਂਦੇ ਹਨ। ਇਨ੍ਹਾਂ ਨੂੰ ਨੱਥ ਪਾਈ ਜਾਏ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਗਰਭ ਟੈਸਟ ਸਮੁੱਚੀ ਔਰਤ ਜ਼ਾਤ ਦਾ ਅਪਮਾਨ ਹਨ। ਇਹ ਟੈਸਟ ਕਲੀਨਿਕ ਫੌਰੀ ਤੌਰ ਤੇ ਬੰਦ ਕੀਤੇ ਜਾਣ।
- ਸਾਡੇ ਪਿੰਡ/ਕਸਬੇ/ਸ਼ਹਿਰ ਦੇ ਅਮੀਰ ਲੋਕ ਵਿਆਹ ਸ਼ਾਦੀਆਂ ਤੇ ਦੌਲਤ ਦਾ ਹੋਛਾ ਪ੍ਰਗਟਾਵਾ ਕਰਕੇ ਗਰੀਬ ਲੋਕਾਂ ਨੂੰ ਮਾਨਸਕ ਤੌਰ ਤੇ ਤਕਲੀਫ ਪੁਚਾਂਦੇ ਹਨ। ਇਹ ਹੋਛੇ ਪ੍ਰਗਟਾਵੇ ਬੰਦ ਕੀਤੇ ਜਾਣ।
- ਸਾਡੇ ਪਿੰਡ/ਕਸਬੇ/ਸ਼ਹਿਰ ਵਿਚ ਨਿੱਤ ਦਿਨ ਧੀਆਂ ਭੈਣਾਂ ਨੂੰ ਦਾਜ ਦੇ ਲਾਲਚੀ ਤੰਗ ਕਰਦੇ ਹਨ ਜਾਂ ਉਨ੍ਹਾਂ ਦੀਆਂ ਹਤਿਆਵਾਂ ਦੇ ਜ਼ਿਮੇਵਾਰ ਬਣਦੇ ਹਨ। ਦਾਜ ਦੇ ਲਾਲਚੀਆਂ ਵਿਰੁੱਧ ਕਾਨੂੰਨੀ ਅਤੇ ਸੋਸ਼ਲ ਬਾਈਕਾਟ ਵਰਗੀਆਂ ਕਾਰਵਾਈਆਂ ਕੀਤੀਆਂ ਜਾਣ।

ਲੋਕ ਲਾਮਬੰਦੀ ਵਿਚ ਵੱਡੀ ਅੜਚਣ ਆ ਰਹੀ ਹੈ, ਉਹ ਇਹ ਹੈ ਕਿ ਆਪਣੇ ਆਪਣੇ ਕੰਮਾਂ ਵਿਚ ਰੁਝੇ ਹੋਏ ਲੋਕ ਸਾਂਝੇ ਕੰਮਾਂ ਲਈ ਸਮਾਂ ਨਹੀਂ ਦੇਂਦੇ ਜਾਂ ਦਿਲਚਸਪੀ ਨਹੀਂ ਲੈਂਦੇ। ਕੋਈ ਵੀ ਪ੍ਰੋਗਰਾਮ ਉਲੀਕਣ ਲਗਿਆਂ ਇਸ ਗੱਲ ਦਾ ਧਿਆਨ ਰਖਿਆ ਜਾਏ। ਸ਼ੁਰੂ ਵਿਚ ਕੁਝ ਲੋਕ ਹੀ ਸਰਗਰਮ ਹੋਣਗੇ। ਬਾਕੀਆਂ ਕੋਲੋਂ ਵਿੱਤ ਦੇ ਮੁਤਾਬਿਕ ਸਹਿਯੋਗ ਲਿਆ ਜਾਏ। ਇਸ ਲੋਕ ਲਹਿਰ ਦੇ ਪ੍ਰਚਾਰ ਲਈ ਬੈਠਕ ਮੀਟਿੰਗਾਂ, ਪਬਲਿਕ ਜਲਸੇ ਅਤੇ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਣ। ਇਸ ਦੇ ਖਰਚ ਮਿਥੇ ਜਾਣ। ਇਹ ਖਰਚ ਇਸ਼ਤਿਹਾਰਾਂ ਅਤੇ ਪੈਂਫਲਿਟਾਂ ਉਤੇ ਹੋਣਗੇ। ਵਲੰਟੀਅਰਾਂ

ਲਈ ਰੋਟੀ ਪਾਣੀ ਅਤੇ ਆਉਣ ਜਾਣ ਦੇ ਸਾਧਨਾਂ ਉਤੇ ਹੋਣਗੇ। ਹੋਰ ਵੀ ਫੁਟਕਲ ਖਰਚ ਹੋਣਗੇ। ਪਿੰਡਾਂ/ਕਸਬਿਆਂ/ ਸ਼ਹਿਰਾਂ ਵਿਚ ਇਹਨਾਂ ਖਰਚਿਆਂ ਲਈ ਫੰਡ ਇਕੱਠਾ ਕਰਨਾ ਮੁਸ਼ਕਿਲ ਨਹੀਂ ਹੋਵੇਗਾ। ਵਿਅਕਤੀਗਤ ਤੌਰ ਤੇ ਫੰਡ ਵੀ ਆਵੇਗਾ। ਬੈਠਕਾਂ ਮੀਟਿੰਗਾਂ ਵਿਚ ਵੀ ਫੰਡ ਇਕੱਠਾ ਹੋ ਸਕਦਾ ਹੈ ਅਤੇ ਪਬਲਿਕ ਜਲਸਿਆਂ ਵਿਚ ਵੀ ਇਕੱਠਾ ਕੀਤਾ ਜਾ ਸਕਦਾ ਹੈ।

ਇਸ ਲੋਕ ਲਾਮਬੰਦੀ ਦੇ ਉਪਰਾਲੇ ਵਿਚ ਸਿਆਸੀ ਮੁੱਦੇ ਜਾਣ ਬੁੱਝ ਕੇ ਬਾਹਰ ਇਸ ਲਈ ਰਖੇ ਗਏ ਹਨ ਕਿ ਉਹ ਪੈਂਦਿਆਂ ਹੀ ਬਹਿਸ ਦੇ ਮੁੱਦੇ ਬਣ ਜਾਂਦੇ ਹਨ ਅਤੇ ਲੋਕਾਂ ਵਿਚ ਵੰਡ ਦੇ ਕਾਰਨ ਬਣਦੇ ਹਨ। ਸਿਆਸੀ ਮੁੱਦਿਆਂ ਲਈ ਸਿਆਸੀ ਪਾਰਟੀਆਂ ਜਾਂ ਗਰੁੱਪ ਆਪਣੇ ਆਪਣੇ ਪਲੇਟ ਫਾਰਮਾਂ ਤੇ ਆਪਣੀਆਂ ਸਿਆਸੀ ਸਰਗਰਮੀਆਂ ਨੂੰ ਕਾਇਮ ਰੱਖ ਸਕਦੇ ਹਨ। ਇਹ ਉਪਰਾਲਾ ਸਿਰਫ ਲੋਕਾਂ ਨੂੰ ਖੜੋਤ ਦੀ ਹਾਲਤ ਵਿਚੋਂ ਕੱਢਣ ਦਾ ਉਪਰਾਲਾ ਹੈ। ਲੋਕਾਂ ਨੂੰ ਗਤੀਸ਼ੀਲ ਕਰਨ ਦਾ ਉਪਰਾਲਾ ਹੈ। ਉਨ੍ਹਾਂ ਨੂੰ ਮਾਯੂਸੀ ਦੀ ਜਿਲਣ ਵਿਚੋਂ ਕੱਢਣ ਦਾ ਉਪਰਾਲਾ ਹੈ। ਲੋਕਾਂ ਨੂੰ ਇਨਕਲਾਬੀ ਤਬਦੀਲੀਆਂ ਵਾਸਤੇ ਤਿਆਰ ਕਰਨ ਲਈ ਇਸ ਮੁੱਢਲੀ ਲਹਿਰ ਦੀ ਬਹੁਤ ਵੱਡੀ ਜ਼ਰੂਰਤ ਹੈ। ਰੋਜ਼ ਦੀਆਂ ਤਕਲੀਫਾਂ ਨੂੰ ਦੂਰ ਕਰਨ ਦੇ ਕੰਮਾਂ ਤੋਂ ਸ਼ੁਰੂ ਕਰਕੇ ਹੀ ਉਨ੍ਹਾਂ ਨੂੰ ਬੁਨਿਆਦੀ ਤਬਦੀਲੀਆਂ ਦੇ ਰਾਹ ਤੇ ਲਿਆਇਆ ਜਾ ਸਕਦਾ ਹੈ।

—ਗੁਰਸ਼ਰਨ ਸਿੰਘ

## ਸੰਪਾਦਕੀ ਟਿਪਣੀਆਂ

### o ਦਹਿਸ਼ਤਗਰਦੀ ਨਾਲ ਕਿਸ ਤਰ੍ਹਾਂ ਨਿਬੜੀਏ ?

ਦੁਨੀਆਂ ਭਰ ਦੀਆਂ ਦਹਿਸ਼ਤਗਰਦੀ ਦੀਆਂ ਲਹਿਰਾਂ ਦਾ ਜਦੋਂ ਵਿਸ਼ਲੇਸ਼ਣ ਕੀਤਾ ਜਾਂਦਾ ਹੈ,ਤੇ ਇਹ ਆਖਿਆ ਜਾਂਦਾ ਹੈ ਕਿ ਇਸ ਵਿਚ ਤਿੰਨ ਵਰਗ ਹੁੰਦੇ ਹਨ। ਇਕ ਰੋਹੀਲੇ ਨੌਜਵਾਨ, ਜਿਨ੍ਹਾਂ ਨੂੰ ਮੌਜੂਦਾ ਸਮਾਜ ਵਿਚ ਕੋਈ ਭਵਿੱਖ ਨਹੀਂ ਦਿੱਸਦਾ,ਜਿਸ ਦਾ ਦੂਜੇ ਕੁਝ ਐਸੇ ਬੁੱਧੀਜੀਵੀ ਜਿਹੜੇ ਇਸ ਲਹਿਰ ਵਾਸਤੇ ਸਿਧਾਂਤਕ ਆਧਾਰ ਲੱਭਣ ਦੀ ਦਿਮਾਗੀ ਕਸਰਤ ਕਰਦੇ ਹਨ, ਜਾਂ ਇਹ ਕਹਿ ਲਵੋ ਸਿਧਾਂਤਕ ਆਧਾਰ ਮੁਹੀਆ ਕਰਦੇ ਹਨ ਅਤੇ ਤੀਜੇ ਅਵਾਰਾ ਤੇ ਵਿਹਲੜ ਕਿਸਮ ਦੇ ਲੋਕ, ਜਿਨ੍ਹਾਂ ਨੂੰ ਮਾਰਧਾੜ ਲਈ ਇਕ ਬਾਇਜ਼ਤ ਬਹਾਨਾ ਮਿਲ ਜਾਂਦਾ ਹੈ। ਪੰਜਾਬ ਦੀ ਦਹਿਸ਼ਤਗਰਦੀ ਲਹਿਰ ਵਿਚ ਵੀ ਮੋਟੇ ਤੌਰ ਤੇ ਇਹ ਤਿੰਨੇ ਵਰਗ ਵੇਖੇ ਜਾ ਸਕਦੇ ਹਨ। ਰੋਹੀਲੇ ਨੌਜਵਾਨ (ਸਿੱਖ ਸਟੂਡੈਂਟ ਫੇਡਰੇਸ਼ਨ ਦੇ ਨਾਂ ਥਲੇ) ਜਿਹੜੇ ਤਾਕਤ ਵਿਚ ਹਿੱਸੇਦਾਰ ਬਣਨ ਦੇ ਚਾਹਵਾਨ ਹਨ। ਉਨ੍ਹਾਂ ਦੀ ਇਹ ਚਾਹ ਕੁਦਰਤੀ ਚਾਹ ਹੈ। ਪੇਸ਼ਵਾਰ ਅਤੇ ਭ੍ਰਿਸ਼ਟ ਕਿਸਮ ਦੇ ਸਿਆਸਤਦਾਨਾਂ ਦੀ ਇਹ ਕੋਈ ਠੇਕੇਦਾਰੀ ਨਹੀਂ ਕਿ ਉਨ੍ਹਾਂ ਨੇ ਹੀ ਹਕੂਮਤ ਦੀ ਵਾਗ-ਡੋਰ ਸਾਂਭਣੀ ਹੈ। ਸਿੱਖ ਬੁਧੀਜੀਵੀ ਮਿਸਾਲਾਂ ਅਤੇ ਅੰਕੜੇ ਲੱਭ ਲੱਭ ਕੇ ਇਹ ਸਾਬਤ ਕਰਦੇ ਹਨ ਕਿ ਸਿਖਾਂ ਨਾਲ ਵਿਤਕਰਾ ਹੋ ਰਿਹਾ ਹੈ। ਜੋ ਭ੍ਰਿਸ਼ਟ ਕਿਸਮ ਦਾ ਵਰਤਾਰਾ ਇਸ ਦੇਸ਼ ਵਿਚ ਚਲ ਰਿਹਾ ਹੈ; ਉਸ ਵਿਚ ਪ੍ਰਬੰਧਕੀ ਕਾਰਗੁਜ਼ਾਰੀ, ਪੁਲਸ ਦੀ ਕਾਰਗੁਜ਼ਾਰੀ ਜਾਂ ਕਚਹਿਰੀਆਂ ਦੀਆਂ ਕਾਰਗੁਜ਼ਾਰੀ ਵਿਚੋਂ ਇਹ ਵਿਤਕਰਾ ਸਾਬਤ ਕਰਨ ਲਈ ਸੈਂਕੜੇ ਮਿਸਾਲਾਂ ਮਿਲ ਸਕਦੀਆਂ ਹਨ। ਤੀਜਾ ਵਰਗ ਤਾਂ ਇਸ ਦੇਸ਼ ਵਿਚ ਬੇਇੰਤਹਾ ਹੈ। ਇਹ ਸਮਗ-ਲਰ ਵੀ ਹੋ ਸਕਦੇ ਹਨ, ਲੁੱਟਮਾਰ ਕਰਨ ਵਾਲੇ ਹੋ ਸਕਦੇ ਹਨ, ਹਥਿਆਰਾਂ ਦੇ ਜ਼ੋਰ ਨਾਲ ਪੈਸੇ ਦੀ ਉਗਰਾਹੀ ਕਰਨ ਵਾਲੇ ਵੀ ਹੋ ਸਕਦੇ ਹਨ। ਦਹਿਸ਼ਤਗਰਦੀ ਵਿਚ ਸਰਗਰਮ ਰੋਹੀਲੇ ਨੌਜਵਾਨਾਂ ਦਾ ਮੁਕਾਬਲਾ ਇਕ ਬਰਾਬਰ ਦੀ ਨੌਜਵਾਨ ਲਹਿਰ ਹੀ ਕਰ ਸਕਦੀ ਹੈ, ਜੋ ਨੌਜਵਾਨਾਂ ਨੂੰ ਇਸ ਦਿਸ਼ਾ ਵਲ ਮੋੜੇ ਕਿ ਸੰਘਰਸ਼ ਕਰਕੇ ਇਸ ਨਿਜ਼ਾਮ ਨੂੰ ਬਦਲਿਆ ਜਾਏ। ਦਹਿਸ਼ਤਗਰਦੀ ਜਾਂ ਧਾਰਮਕ ਮੂਲਵਾਦ ਇਕ ਬੰਦ ਗਲੀ ਤੋਂ ਸਿਵਾ ਕੁਝ ਨਹੀਂ ਤੇ ਇਕ ਪੜਾਅ ਤੇ ਇਹ ਕੰਧ ਨਾਲ ਟੱਕਰਾਂ ਮਾਰਨ ਅਤੇ ਆਪਣਾ ਸਿਰ ਪੜਵਾਉਣ ਤੋਂ ਸਿਵਾ ਕੋਈ ਨਤੀਜਾ ਨਹੀਂ ਕੱਢ ਸਕਣਗੇ। ਬੁਧੀਜੀਵੀਆਂ ਦਾ ਮੁਕਾਬਲਾ ਇਸ ਦਲੀਲ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਵਿਤਕਰਾ ਇਸ ਸਮਾਜ ਵਿਚ ਹਰ ਗਰੀਬ ਨਾਲ ਕੀਤਾ ਜਾ ਰਿਹਾ ਹੈ, ਸਿਰਫ ਸਿਖਾਂ ਨਾਲ ਨਹੀਂ, ਸਮਾਜ ਦੇ ਬੁਨਿਆਦੀ ਢਾਂਚੇ ਨੂੰ ਬਦਲੇ ਬਗੈਰ ਇਹ ਵਿਤਕਰਾ ਹਟਾਇਆ ਨਹੀਂ ਜਾ ਸਕਦਾ। ਹਾਕਮ ਤਾਂ ਚਾਹੁੰਦੇ ਹਨ ਕਿ ਅਸੀਂ ਇਸ ਵਿਤਕਰੇ ਦੇ ਨਾਂ ਥਲੇ ਆਪਸ ਵਿਚ ਉਲਝੇ ਰਹੀਏ। ਸਿੱਖ ਹਿੰਦੂ ਨਫ਼ਰਤ ਹੋਵੇ, ਪੰਜਾਬ ਹਰਿਆਣਾ ਨਫਰਤ ਹੋਵੇ। ਤੀਜੇ ਵਰਗ ਨਾਲ ਨਿਬੜਨਾ ਕਥਿਤ ਅਮਨ ਅਤੇ ਕਾਨੂੰਨ ਦੀ ਰਾਖੀ ਕਰਨ ਵਾਲਿਆਂ ਦੀ ਜ਼ਿਮੇਵਾਰੀ

ਹੈ। ਪਿਛਲੇ ਦੋ ਤਿੰਨ ਮਹੀਨਿਆਂ ਵਿਚ ਜਿਹੜੇ ਸੌ ਦੇ ਕਰੀਬ ਦਹਿਸ਼ਤਗਰਦ ਮਾਰੇ ਗਏ ਹਨ, ਉਹ ਇੱਕਾ-ਦੁੱਕਾ ਛੱਡ ਕੇ ਤੀਜੇ ਵਰਗ ਨਾਲ ਹੀ ਸਬੰਧਤ ਹਨ। ਦਸ ਪੰਦਰਾਂ ਲੱਖੇ, ਪੰਜ ਸੱਤ ਸਤੇ, ਅੱਠ ਦਸ ਬਿੱਲੇ, ਭਿੰਦੇ, ਜਿੰਦੇ, ਛੋਟੇ ਜਰਨੈਲ, ਵੱਡੇ ਜਰਨੈਲ ਸਭ ਤੀਜੇ ਵਰਗ ਦੇ ਹਨ। ਇਹ ਜਿੰਨੇ ਮਰਨਗੇ, ਉਸ ਤੋਂ ਵੱਧ ਹੋਰ ਪੈਦਾ ਹੋ ਜਾਣਗੇ। ਇਨ੍ਹਾਂ ਦੀ ਲਾਈਨ ਲਗੀ ਹੋਈ ਹੈ ਕਿ ਇਕ ਜਰਨੈਲ ਮਰ ਜਾਏ ਤੇ ਦੂਜਾ ਉਹਦੀ ਥਾਂ ਲੈ ਲਏ। ਸਮਗਲਰਾਂ ਦੇ ਬਾਸ ਜਿਸ ਤਰ੍ਹਾਂ ਆਪ ਪਿਛੇ ਰਹਿੰਦੇ ਹਨ ਤੇ ਆਪਣੇ ਚੇਲਿਆਂ ਨੂੰ ਅਗੇ ਲਗਾਉਂਦੇ ਹਨ, ਇਨ੍ਹਾਂ ਦਾ ਅਪ੍ਰੇਸ਼ਨ ਦਾ ਢੰਗ ਬਿਲਕੁਲ ਇਸੇ ਤਰ੍ਹਾਂ ਦਾ ਹੈ। ਰੇਅ, ਰਿਬੇਰੋ, ਗਿਲ ਆਦਿਕ ਲਖਿਆਂ, ਸਤਿਆਂ ਨੂੰ ਮਾਰ ਕੇ ਇਹ ਦਾਅਵਾ ਕਰ ਰਹੇ ਹਨ ਕਿ ਉਹ ਅਤੰਕਵਾਦ ਨੂੰ ਖਤਮ ਕਰ ਦੇਣਗੇ। ਇਹ ਦਾਅਵੇ ਬਿਲਕੁਲ ਹੀ ਫੋਕੀਆਂ ਫੜਾਂ ਹਨ। ਇਹ ਤੀਜੇ ਵਰਗ ਦੇ ਲੋਕ ਤਾਂ ਹੀ ਆਪਣੀਆਂ ਸਰਗਰਮੀਆਂ ਤੋਂ ਬਾਜ਼ ਆਉਣਗੇ, ਜਦੋਂ ਇਹ ਲੋਕਾਂ ਵਿਚੋਂ ਪੂਰੀ ਤਰ੍ਹਾਂ ਅਲਿਹਦਾ ਹੋਣਗੇ ਅਤੇ ਇਹਨਾਂ ਕੋਲ 'ਧਾਰਮਕ ਨਾਇਕ' ਹੋਣ ਦੀ ਛੱਵਾ ਖੁਸੇਗੀ। ਅਸੀਂ ਜਿਹੜੇ ਪੰਜਾਬ ਵਿਚ ਦਹਿਸ਼ਤਗਰਦੀ ਦਾ ਖਾਤਮਾ ਵੇਖਣਾ ਚਾਹੁੰਦੇ ਹਾਂ ਤੇ ਚੰਗੀ ਜ਼ਿੰਦਗੀ ਲਈ ਸੰਘਰਸ਼ ਕਰਨਾ ਚਾਹੁੰਦੇ ਹਾਂ, ਸਾਨੂੰ ਉਤਲੀਆਂ ਸਚਾਈਆਂ ਦਾ ਖਿਆਲ ਰਖਣਾ ਪਵੇਗਾ। ਇਕ ਸਹੀ ਦਿਸ਼ਾ ਵਾਲੀ ਸ਼ਕਤੀਸ਼ਾਲੀ ਨੌਜਵਾਨ ਲਹਿਰ ਅਤੇ ਨਾਲ ਹੀ ਸਾਹਿਤਕ, ਸਭਿਆਚਾਰਕ ਅਤੇ ਸਿਧਾਂਤਕ ਫਰੰਟਾਂ ਤੇ ਵੱਧ ਤੋਂ ਵੱਧ ਸਰਗਰਮੀ ਅੱਜ ਵੱਡੀ ਲੋੜ ਹੈ। ਦਹਿਸ਼ਤਗਰਦੀ ਦਾ ਸਿਧਾਂਤਕ ਆਧਾਰ ਖੋਰੇ ਬਿਨਾਂ ਅਸੀਂ ਇਸ ਲਹਿਰ ਦਾ ਖਾਤਮਾ ਨਹੀਂ ਕਰ ਸਕਦੇ।

### o ਸ਼ਹੀਦੀ ਮੇਲੇ ਦਾ ਭਾਵ ਗੋਲਗੱਪੇ ਖਾਣਾ ਨਹੀਂ ਹੁੰਦਾ, ਸਗੋਂ ਸ਼ਹੀਦ ਦੇ ਮਿਸ਼ਨ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਲਿਜਾਣਾ ਹੁੰਦਾ ਹੈ

9 ਅਪ੍ਰੈਲ ਪਾਸ਼ ਦੇ ਪਿੰਡ ਤਲਵੰਡੀ ਸਲੇਮ ਵਿਚ ਉਹਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਹੋਇਆ। ਇਸ ਸਮਾਗਮ ਵਿਚ ਬੋਲਦੇ ਹੋਏ ਮੈਂ ਇਹ ਸੁਝਾਅ ਦਿੱਤਾ ਕਿ ਸਾਧਾਰਨ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਲਈ ਇਹ ਸ਼ਰਧਾਂਜਲੀ ਸਮਾਗਮ ਹਰ ਸਾਲ ਤਲਵੰਡੀ ਸਲੇਮ ਵਿਚ ਇਕ ਸ਼ਹੀਦੀ ਮੇਲੇ ਦੇ ਰੂਪ ਵਿਚ ਮਨਾਇਆ ਜਾਏ। ਸਮਕਾਲੀ ਸੁਰਖ ਰੇਖਾ ਨੇ ਇਸ ਸੁਝਾਅ ਦਾ ਮਜ਼ਾਕ ਉਡਾਂਦਿਆਂ ਹੋਇਆ ਟਿਪਣੀ ਕੀਤੀ ਹੈ ਕਿ ਇਨਕਲਾਬੀ ਕੇਂਦਰ ਦਾ ਕਨਵੀਨਰ ਗੁਰਸ਼ਰਨ ਸਿੰਘ ਪਾਸ਼ ਦੀ ਯਾਦ ਵਿਚ ਲੋਕਾਂ ਨੂੰ ਗੋਲਗੱਪੇ ਖਾਣ ਦਾ ਸੁਝਾਅ ਦੇ ਰਿਹਾ ਹੈ। ਸਾਡੇ ਸਮਕਾਲੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੇਲੇ ਦਾ ਮਤਲਬ ਹੁੰਦਾ ਹੈ, ਵੱਧ ਤੋਂ ਵੱਧ ਸਾਧਾਰਨ ਲੋਕਾਂ ਦੀ ਸ਼ਮੂਲੀਅਤ। ਸ਼ਹੀਦਾਂ ਦੀ ਯਾਦ ਵਿਚ ਮੇਲੇ ਸਾਡੇ ਸਭਿਆਚਾਰ ਦਾ ਹਿੱਸਾ ਹਨ। ਖੱਟਕੜ ਕਲਾਂ, ਮੁਕਤਸਰ, ਫਤਿਹਗੜ੍ਹ ਸਾਹਿਬ, ਚਮਕੌਰ ਸਾਹਿਬ ਆਦਿਕ ਥਾਵਾਂ ਤੇ ਜਦੋਂ ਮੇਲੇ ਲਗਦੇ ਹਨ ਤਾਂ ਸਿਆਸੀ ਕਾਨਫ੍ਰੰਸਾਂ ਹੁੰਦੀਆਂ ਹਨ। ਸ਼ਹੀਦ ਦੇ ਮਿਸ਼ਨ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਪ੍ਰਚਾਰਿਆ ਜਾਂਦਾ ਹੈ। ਪਾਸ਼ ਦੀ ਯਾਦ ਵਿਚ ਵੀ ਜਦੋਂ ਮੇਲਾ ਲਗੇਗਾ ਤਾਂ ਉਸ ਵਿਚ ਸਿਆਸੀ ਕਾਨਫ੍ਰੰਸ, ਕਵੀ ਦਰਬਾਰ, ਸਾਹਿਤਕ ਗੋਸ਼ਟੀ ਅਤੇ ਸਭਿਆਚਾਰਕ ਪ੍ਰੋਗ੍ਰਾਮ ਸ਼ਾਮਲ ਹੋਣਗੇ। ਮੇਰਾ ਸੁਝਾਅ ਸ਼ਰਧਾਂਜਲੀ ਸਮਾਗਮ ਨੂੰ ਵਿਸ਼ਾਲਤਾ ਦੇਣ ਦਾ ਸੀ ਤਾਂ ਜੋ ਇਹ ਸਮਾਗਮ ਗਿਣੇ ਮਿਥੇ ਲੋਕਾਂ ਅਗੇ ਧੂਆਂਦਾਰ ਤਕਰੀਰਾਂ ਤਕ ਸੀਮਤ ਨਾ ਰਹਿਣ। ਪਾਸ਼ ਨੇ ਜਿਸ ਮਿਸ਼ਨ ਲਈ ਸ਼ਹਾਦਤ ਪਾਈ, ਉਹਦੇ ਬਾਰੇ ਪ੍ਰਚਾਰ ਅਤੇ ਜਾਣਕਾਰੀ ਵੱਧ ਤੋਂ ਵੱਧ ਲੋਕਾਂ ਵਿਚ ਜਾਣੀ ਚਾਹੀਦੀ ਹੈ।

### o ਫਿਰਕਾਪ੍ਰਸਤੀ ਦੇ ਜੀਵਨ ਦਾਤੇ

ਆਰ.ਐਸ.ਐਸ. (ਰਾਸ਼ਟਰੀ ਸਵਯਮ ਸੇਵਕ ਸੰਘ) ਦੇ ਬਾਨੀ ਡਾਕਟਰ ਹੈਗਵਾੜ ਦੀ ਸ਼ਤਾਬਦੀ ਪਿਛਲੇ ਦਿਨਾਂ ਵਿਚ ਦੇਸ਼ ਭਰ ਵਿਚ ਬੜੀ ਧੂਮ ਧਾਮ ਨਾਲ ਮਨਾਈ ਗਈ ਹੈ। ਇਹਨਾਂ ਸ਼ਤਾਬਦੀ ਸਮਾਗਮਾਂ ਵਿਚ ਜਿਹੜੇ ਨਾਅਰੇ ਲਗਾਏ ਗਏ ਹਨ ਜਾਂ ਵੱਡੇ ਸ਼ਹਿਰਾਂ ਵਿਚ ਲਿਖੇ ਗਏ ਹਨ—ਉਹਨਾਂ ਵਿਚੋਂ ਕੁਝ ਹੇਠ ਲਿਖੇ ਹਨ :—

- o ਗੌਰਵ ਸੇ ਕਹੋ ਹਮ ਹਿੰਦੂ ਹੈਂ
- o ਹਿੰਦੂ ਜਾਗੇਗਾ, ਦੇਸ਼ ਜਾਗੇਗਾ
- o ਭਾਰਤ ਦੇਸ਼ ਹਿੰਦੂਓਂ ਕਾ ਦੇਸ਼ ਹੈ।

ਉਂਝ ਇਹਨਾਂ ਸਾਰੇ ਸਮਾਗਮਾਂ ਵਿਚ ਦੇਸ਼ ਭਗਤੀ ਦਾ ਵਾਰ ਵਾਰ ਜ਼ਿਕਰ ਆਂਦਾ ਰਿਹਾ ਹੈ। ਰਾਸ਼ਟਰ ਦੀ ਏਕਤਾ ਦਾ ਜ਼ਿਕਰ ਆਂਦਾ ਰਿਹਾ ਹੈ। ਵੱਖਵਾਦੀ ਸ਼ਕਤੀਆਂ ਦਾ ਮੁਕਾਬਲਾ ਕਰਨ ਦਾ ਜ਼ਿਕਰ ਆਂਦਾ ਰਿਹਾ ਹੈ।

ਪੰਜਾਬ ਵਿਚ ਹਿੰਦ- ਸਮਾਚਾਰ ਗਰੁੱਪ ਦੀਆਂ ਅਖਬਾਰਾਂ ਸਪੱਸ਼ਟ ਤੌਰ ਤੇ ਇਸੇ ਧਾਰਨਾ ਨੂੰ ਪ੍ਰਚਾਰਨ ਵਾਲੀਆਂ ਹਨ। ਪ੍ਰਤੀਕਰਮ ਵਿਚ ਇਹ ਨਾਅਰੇ ਵੀ ਉਠ ਸਕਦੇ ਹਨ :

- ਮਾਨ ਨਾਲ ਕਹੋ, ਅਸੀਂ ਖਾਲਸੇ ਹਾਂ
- ਖਾਲਸਾ ਜਾਗੇਗਾ, ਪੰਜਾਬ ਜਾਗੇਗਾ
- ਭਾਰਤ ਹਿੰਦੂਆਂ ਦਾ ਦੇਸ਼ ਹੈ, ਖਾਲਸੇ ਦਾ ਦੇਸ਼ ਖਾਲਿਸਤਾਨ ਹੀ ਹੋ ਸਕਦਾ ਹੈ
- ਖਾਲਸਾ ਜੀ, ਜਾਗੋ।

ਕਸ਼ਮੀਰ ਵਿਚ ਇਹੋ ਨਾਅਰੇ ਮੁਸਲਮਾਨ ਲਗਾ ਸਕਦੇ ਹਨ। ਇਹ ਕਿਹਾ ਜਾਂਦਾ ਹੈ ਕਿ ਘੱਟ ਗਿਣਤੀ ਦੇ ਧਾਰਮਕ ਲੋਕਾਂ ਨੂੰ ਚੁਕਣ ਵਿਚ ਬਦੇਸ਼ੀ ਹੱਥ ਹੈ। ਆਰ.ਐਸ.ਐਸ. ਦੇ ਪਿਛੇ ਕਿਸ ਦਾ ਹੱਥ ਹੈ ? ਹਾਕਮਾਂ ਦੀ ਸ਼ਹਿ ਸੱਦ ਕੇ ਫਿਰਕਾਪ੍ਰਸਤੀ ਇਕ ਭਿਆਨਕ ਦੈਂਤ ਦਾ ਰੂਪ ਧਾਰ ਚੁੱਕੀ ਹੈ। ਜਮਹੂਰੀ ਸ਼ਕਤੀਆਂ ਲਈ ਇਸ ਦਾ ਮੁਕਾਬਲਾ ਕਰਨਾ ਇਕ ਵੱਡਾ ਚੈਲਿੰਜ ਬਣ ਗਿਆ ਹੈ।

### o ਚੀਨ ਦਾ ਵਿਦਿਆਰਥੀ ਅੰਦੋਲਨ

ਇਸ ਅੰਦੋਲਨ ਬਾਰੇ ਵੱਖ ਵੱਖ ਪ੍ਰਤੀਕ੍ਰਮ ਹੋਣੇ ਇਕ ਸੁਭਾਵਿਕ ਗੱਲ ਹੈ। ਭਾਰਤੀ ਪ੍ਰੈਸ ਇਸ ਘਟਨਾ ਨੂੰ ਇਸ ਰੂਪ ਵਿਚ ਪੇਸ਼ ਕਰੇਗਾ, ਜਿਸ ਤਰ੍ਹਾਂ ਚੀਨ ਦਾ ਸਮਾਜ ਕਮਿਊਨਿਸਟ ਪਾਰਟੀ ਦੀ ਤਾਨਾਸ਼ਾਹੀ ਦਾ ਸਮਾਜ ਹੈ, ਜਿਥੇ ਲੋਕਾਂ ਨੂੰ ਕੋਈ ਆਜ਼ਾਦੀ ਨਹੀਂ। ਇਸ ਪੇਸ਼ਕਾਰੀ ਦਾ ਵੱਡਾ ਨਿਸ਼ਾਨਾ ਇਹ ਹੋਵੇਗਾ ਕਿ ਲੋਕਾਂ ਦਾ ਧਿਆਨ, ਭਾਰਤੀ ਸਮਾਜ ਵਿਚ ਜਿਹੜੀ ਅਨਾਰਕੀ ਜਾਂ ਆਪਾ-ਧਾਪੀ ਪਈ ਹੋਈ ਹੈ, ਉਸ ਤੋਂ ਲਾਂਭ ਕੀਤਾ ਜਾਏ। ਚੀਨ ਦੇ ਇਨਕਲਾਬ ਦੀਆਂ 40 ਸਾਲ ਦੀਆਂ ਜਿਹੜੀਆਂ ਪ੍ਰਾਪਤੀਆਂ ਹਨ, ਉਨ੍ਹਾਂ ਨੂੰ ਛੁਟਿਆਇਆ ਜਾਏ। ਇਹ ਨਕਸ਼ਾ ਖਿਚਿਆ ਜਾਏ ਕਿ ਸਾਧਾਰਨ ਲੋਕ ਜਿਥੇ ਵੀ ਹਨ, ਉਥੇ ਦੁੱਖ ਉਠਾ ਰਹੇ ਹਨ। ਬੂਰਜੂਆ ਬੁੱਧੀਜੀਵੀ ਜਮਹੂਰੀਅਤ ਦੀ ਗੱਲ ਉਭਾਰਨਗੇ। ਕੁਝ ਕਮਿਊਨਿਸਟ ਦੋਸਤ ਇਸ ਮੌਕੇ ਉਤੇ ਮਾਉਵਾਦ ਵਿਰੁੱਧ ਆਪਣੀਆਂ ਘੜੀਆਂ ਘੜਾਈਆਂ ਧਾਰਨਾਵਾਂ ਨੂੰ ਦੁਹਰਾਉਣਗੇ। ਕਮਿਊਨਿਸਟ ਇਨਕਲਾਬੀ ਇਸ ਨੂੰ ਹੁਣ ਦੇ ਚੀਨੀ ਨੇਤਾਵਾਂ ਦੀਆਂ ਸੋਧਵਾਦੀ ਨੀਤੀਆਂ ਦੇ ਨਤੀਜੇ ਵਜੋਂ ਪੇਸ਼ ਕਰਨਗੇ। ਗੋਰਬਾਚੋਵ ਦੀਆਂ ਨੀਤੀਆਂ ਵੀ ਇਸੇ ਸਿਲਸਲੇ ਵਿਚ ਵਾਦ-ਵਿਵਾਦ ਦਾ ਵਿਸ਼ਾ ਬਣਨਗੀਆਂ। ਅਸੀਂ, ਜਿਹੜੇ ਆਪਣੇ ਦੇਸ਼ ਵਿਚ ਇਕ ਸਮਾਜਕ ਇਨਸਾਫ ਵਾਲੇ ਸਮਾਜ ਬਨਾਉਣ ਲਈ ਯਤਨਸ਼ੀਲ ਹਾਂ, ਸਾਡੇ ਲਈ ਇਹ ਪ੍ਰਤੀਕਰਮ ਹੀ ਕਾਫੀ ਹੋਏਗਾ ਕਿ ਚੀਨ ਦੇ ਲੋਕ ਜਿਨ੍ਹਾਂ ਨੇ 40 ਸਾਲ ਪਹਿਲੇ ਮਾਓ ਦੀ ਅਗਵਾਈ ਵਿਚ ਇਨਕਲਾਬ ਕੀਤਾ ਅਤੇ 40 ਸਾਲਾਂ ਵਿਚ ਪਛੜੇ ਹੋਏ ਦੇਸ਼ ਨੂੰ ਇਕ ਸ਼ਕਤੀਸ਼ਾਲੀ ਦੇਸ਼ ਵਿਚ ਬਦਲਿਆ, ਇਕ ਸਮਾਜਕ ਇਨਸਾਫ ਵਾਲੇ ਸਮਾਜ ਬਨਾਉਣ ਦੀਆਂ ਨੀਂਹਾਂ ਰਖੀਆਂ, ਆਪਣੇ ਸਮਾਜ ਨੂੰ ਸੋਹਣਾ ਤੇ ਹੋਰ ਸੋਹਣਾ ਬਨਾਉਣ ਲਈ ਯਤਨਸ਼ੀਲ ਹਨ। ਇਸ ਯਤਨ ਵਿਚ ਜਿਹੜੀਆਂ ਔਕੜਾਂ ਆ ਰਹੀਆਂ ਹਨ, ਉਨ੍ਹਾਂ ਨੂੰ ਉਹ ਦੂਰ ਕਰ ਰਹੇ ਹਨ। ਇਸ ਸਾਰੀ ਘਟਨਾ ਨੂੰ ਇਸੇ ਦ੍ਰਿਸ਼ਟੀ ਨਾਲ ਵੇਖਣਾ ਬਣਦਾ ਹੈ।

### ਸੰਖੇਪ ਟਿਪਣੀਆਂ

- ਭਜਨ ਲਾਲ ਬਿਸ਼ਨੋਈ ਨੇ ਪੰਚਾਇਤੀ ਰਾਜ ਬਾਰੇ ਗੱਲ ਕਰਦਿਆਂ ਬਿਆਨ ਦਿੱਤਾ ਹੈ ਕਿ ਪੰਚਾਇਤੀ ਰਾਜ ਵਿਚ ਜਦੋਂ ਤਾਕਤ ਲੋਕਾਂ ਦੇ ਹੱਥ ਦਿਤੀ ਜਾਏਗੀ ਤਾਂ ਉਹ ਦੇਸ਼ ਵਲ ਆਪਣੀ ਜ਼ਿਮੇਵਾਰੀ ਹੋਰ ਚੰਗੀ ਤਰ੍ਹਾਂ ਨਿਭਾਉਣਗੇ। ਸਾਡੇ ਹੱਥ ਵਿਚ ਤਾਕਤ ਹੈ, ਅਸੀਂ ਇਹ ਜ਼ਿਮੇਵਾਰੀ ਪੂਰੀ ਤਰਾਂ ਨਿਭਾ ਰਹੇ ਹਾਂ। ਭਜਨ ਲਾਲ ਬਿਸ਼ਨੋਈ ਨੂੰ ਇਹ ਵੀ ਨਾਲ ਕਹਿ ਦੇਣਾ ਚਾਹੀਦਾ ਸੀ ਕਿ ਸਾਡੇ ਹੱਥ ਵਿਚ ਤਾਕਤ ਹੈ। ਅਸੀਂ ਪੂਰੀ ਤਰਾਂ ਬੇਈਮਾਨ ਬਣ ਚੁੱਕੇ ਹਾਂ। ਅਸੀਂ ਚਾਹੁੰਦੇ ਹਾਂ ਕਿ ਪਿੰਡਾਂ ਵਿਚ ਜੇਕਰ ਕੁਝ ਇਮਾਨਦਾਰ ਲੋਕ ਵੱਸਦੇ ਹਨ, ਉਨ੍ਹਾਂ ਨੂੰ ਤਾਕਤ ਦੇ ਕੇ ਆਪਣੀ ਤਰ੍ਹਾਂ ਪੂਰੀ ਬੇਈਮਾਨ ਕਰ ਦੇਈਏ-ਤਾਂ ਜੋ ਸਾਡੀ ਬੇਈਮਾਨੀ ਵਲ ਕੋਈ ਉਂਗਲ ਨਾ ਕਰ ਸਕੇ।
- ਦੇਵੀ ਲਾਲ ਦਾ ਖਿਆਲ ਹੈ ਕਿ ਭਜਨ ਲਾਲ, ਬੰਸੀ ਲਾਲ ਆਦਿਕ ਜਨਤਾ ਦਲ ਦੇ ਅਸੈਂਬਲੀ ਮੈਂਬਰਾਂ ਨੂੰ ਖ੍ਰੀਦ ਕੇ ਉਸ ਦੀ ਵਜ਼ਾਰਤ ਤੋੜਨ ਦਾ ਯਤਨ ਕਰ ਰਹੇ ਹਨ। ਅਸੈਂਬਲੀ ਮੈਂਬਰ ਵਿਕਾਊ ਮਾਲ ਬਣ ਚੁਕੇ ਹਨ। ਦੇਵੀ ਲਾਲ ਪੂਰੀ ਸੂਹ ਰੱਖ ਰਿਹਾ ਹੈ ਕਿ ਹਰ ਇਕ ਮੈਂਬਰ ਦੀ ਕਿਤਨੀ ਕੀਮਤ ਹੈ। ਲੋੜ ਪੈਣ ਤੇ ਉਹ ਵੱਧ ਕੀਮਤ ਦੇ ਕੇ ਆਪਣੇ ਐਮ.ਐਲ.ਏ. ਆਪਣੇ ਨਾਲ ਰਖੇਗਾ। ਉਹਨੇ ਰਕਮ ਕਿਹੜਾ ਆਪਣੇ ਕੋਲੋਂ ਖਰਚਣੀ ਹੈ। ਲੋਕਾਂ ਦੀ ਛਿਲ ਲਾਹ ਕੇ ਹੀ

ਇਕੱਠੀ ਕਰਨੀ ਹੈ।

o 'ਅਗਨੀ' ਨਾਂ ਦਾ ਸਪੇਸ ਮੀਜ਼ਾਈਲ ਭਾਰਤ ਨੇ ਸਫਲਤਾ ਨਾਲ ਬਣਾ ਲਿਆ ਹੈ। ਜਿਸ ਦੇਸ਼ ਵਿਚ ਸੌ ਵਿਚੋਂ ਸੱਠ ਦੀ ਵਸੋਂ ਭੁੱਖਮਰੀ ਦੇ ਪੱਧਰ ਥੱਲੇ ਜੀਂਦੀ ਹੋਵੇ,ਜਿਥੇ 6 ਕ੍ਰੋੜ ਲੋਕਾਂ ਨੂੰ ਪੀਣ ਦਾ ਪਾਣੀ ਮੁਹੀਆ ਨਾ ਹੋਵੇ, ਜਿਥੇ 45 ਕ੍ਰੋੜ ਲੋਕਾਂ ਨੇ ਜੰਮਣ ਤੋਂ ਮਰਨ ਤਕ ਕਿਸੇ ਕਿਸਮ ਦੀ ਡਾਕਟਰੀ ਸਹੂਲਤ ਦਾ ਮੂੰਹ ਨਾ ਤੱਕਿਆ ਹੋਵੇ, ਉਸ ਦੇਸ਼ ਲਈ 'ਅਗਨੀ' ਦੀ ਪ੍ਰਾਪਤੀ ਬਹੁਤ ਵੱਡੀ ਪ੍ਰਾਪਤੀ ਹੈ। ਰਾਜੀਵ ਉਮੀਦ ਕਰਦਾ ਹੈ ਕਿ ਸਾਰੇ ਭਾਰਤ ਵਾਸੀ ਇਸ ਪ੍ਰਾਪਤੀ ਤੇ ਘਿਓ ਦੇ ਦੀਵੇ ਜਗਾਉਣਗੇ। ਭਾਰਤ ਫੌਜੀ ਖਰਚ ਵਿਚ ਹੁਣ ਦੁਨੀਆ ਦੇ ਪਹਿਲੇ ਪੰਜ ਦੇਸ਼ਾਂ ਵਿਚ ਆ ਗਿਆ ਹੈ, ਭਾਵੇਂ ਕੰਗਾਲੀ ਦੇ ਲਿਹਾਜ਼ ਨਾਲ ਇਸ ਦਾ ਸ਼ੁਮਾਰ ਦੁਨੀਆ ਵਿਚ ਹੇਠਲੇ ਦਸ ਦੇਸ਼ਾਂ ਵਿਚ ਆਂਦਾ ਹੈ।

—o—

## ਲੰਡਨ ਵਿਚ ਕੇ.ਸੀ ਮੋਹਨ ਅਤੇ ਅਮਰਜੀਤ ਚੰਦਨ ਦੀ ਭਗਵਾਨ ਜੋਸ਼ ਨਾਲ ਇਕ ਮੁਲਾਕਾਤ

ਡਾ: ਭਗਵਾਨ ਜੋਸ਼ (ਜਨਮ 1950) ਪੰਜਾਬ ਦੀ ਕਮਿਊਨਿਸਟ ਲਹਿਰ ਬਾਰੇ ਖੋਜ ਕਰਨ ਵਾਲੇ ਪਹਿਲੇ ਇਤਿਹਾਸਕਾਰ ਹਨ ਅਤੇ ਅੱਜ ਕਲ੍ਹ, ਦਿੱਲੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਇਤਿਹਾਸ ਪੜ੍ਹਾ ਰਹੇ ਹਨ। ਪੰਜਾਬੀ ਪਾਠਕ ਇਨ੍ਹਾਂ ਨੂੰ ਪਹਿਲਾਂ 'ਸੇਧ' ਪਰਚੇ ਰਾਹੀਂ ਜਾਣਦੇ ਹਨ। ਇਨ੍ਹਾਂ ਦਾ ਪੀ.ਐਚ.ਡੀ. ਥੀਸਸ ਦਾ ਵਿਸ਼ਾ ਹੈ : 'ਖੱਬੀ ਲਹਿਰ ਤੇ ਭਾਰਤੀ ਕੌਮੀ ਲਹਿਰ 1934-41'।

ਕੁਝ ਚਿਰ ਪਹਿਲਾਂ ਮਿਸ਼ੀਗਨ ਯੂਨੀਵਰਸਿਟੀ ਅਮਰੀਕਾ ਵਿਚ 'ਮਾਰਕਸਵਾਦ ਤੇ ਧਰਮ' ਬਾਰੇ ਕੌਮਾਂਤਰੀ ਕਾਨਫ੍ਰੰਸ 'ਚ ਹਿੱਸਾ ਲੈਣ ਜਾਂਦਿਆਂ ਜੋਸ਼ ਜੀ ਲੰਡਨ ਵੀ ਰੁਕੇ ਸਨ। ਉਦੋਂ ਇਨ੍ਹਾਂ ਨੇ ਕੇ.ਸੀ. ਮੋਹਨ ਤੇ ਅਮਰਜੀਤ ਚੰਦਨ ਨਾਲ ਜੋ ਕੁਝ ਸਵਾਲਾਂ ਬਾਰੇ ਗੱਲਬਾਤ ਕੀਤੀ, ਉਹ ਪਾਠਕਾਂ ਅੱਗੇ ਪੇਸ਼ ਹੈ। ਇਹ ਇੰਟਰਵੀਊ ਪੰਜਾਬੀ ਦਰਪਨ, ਲੰਡਨ ਚੋਂ ਧੰਨਵਾਦ ਸਹਿਤ ਲਈ ਹੈ/**ਸੰਪਾਦਕ**

? ਪੰਜਾਬ ਦੀ ਹੁਣ ਦੀ ਸਮੱਸਿਆ ਦੇ ਆਰਥਿਕ ਕਾਰਣ ਤਾਂ ਕਾਫੀ ਸਾਫ ਹਨ, ਪਰ ਇਹਦੇ ਇਤਿਹਾਸਕ ਕਾਰਣ ਕੀ ਹਨ ?

o ਪੰਜਾਬ ਦੇ ਹਾਲਤ ਦੇ ਇਤਿਹਾਸਕ ਕਾਰਨਾਂ ਨੂੰ ਸਿਰਫ 19ਵੀਂ ਸਦੀ ਵਿਚ ਸਿੱਖ ਧਰਮ ਦੇ ਸਿਆਸੀਕਰਨ ਦੇ ਹਵਾਲੇ ਤੋਂ ਨਹੀਂ, ਸਗੋਂ ਹਿੰਦੂ ਤੇ ਇਸਲਾਮ ਧਰਮ ਦੇ ਸਿਆਸੀਕਰਨ ਤੋਂ ਉਵੇਂ ਹੀ ਸਮਝਿਆ ਜਾ ਸਕਦਾ ਹੈ। ਪੰਜਾਬ ਵਿਚ ਅੰਗਰੇਜ਼ਾਂ ਦੇ ਆਉਣ ਤੇ ਜਦ ਕੌਮੀ ਚੇਤਨਤਾ ਉਭਰਨ ਦਾ ਕੰਮ ਸ਼ੁਰੂ ਹੋਇਆ ਤਾਂ ਇਸ ਅਮਲ ਦੀਆਂ ਦੋ ਧਾਰਾਵਾਂ ਬਣੀਆਂ (1) ਪਹਿਲੀ ਚੇਤਨਤਾ ਉਹ ਹੈ ਜੋ ਧਾਰਮਿਕ ਤੇ ਕੌਮੀ ਚੇਤਨਤਾ ਦੇ ਆਪਸੀ ਗਹਿਰੇ ਸੰਬੰਧ ਵਿਚ ਉਭਰੀ। ਹਿੰਦੂ ਕੌਮਵਾਦ, ਸਿੱਖ ਕੌਮਵਾਦ, ਇਸਲਾਮੀ ਕੌਮਵਾਦ। (2) ਦੂਜੀ ਸੈਕੂਲਰ ਕੌਮਵਾਦ ਦੀ ਚੇਤਨਤਾ ਸੀ। ਇਹ ਕਹਿਣਾ ਠੀਕ ਨਹੀਂ ਹੈ ਕਿ ਕਾਂਗਰਸ ਇਕ ਤਰ੍ਹਾਂ ਦੀ ਕੌਮੀ ਧਾਰਾ ਦੀ ਤਰਜਮਾਨੀ ਕਰਦੀ ਸੀ ਅਤੇ ਦੂਜੀਆਂ ਧਾਰਮਕ ਲਹਿਰਾਂ ਫਿਰਕਾਪ੍ਰਸਤੀ ਦੀ, ਉਸ ਵੇਲੇ ਹਰ ਧਰਮ ਦੇ ਲੋਕ ਚਾਹੁੰਦੇ ਸੀ ਕਿ ਅੰਗਰੇਜ਼ ਇਥੋਂ ਚਲੇ ਜਾਣ। ਧਾਰਮਕ ਲਹਿਰਾਂ ਆਪਣੇ ਪੈਰੋਕਾਰਾਂ ਨੂੰ ਧਰਮ ਦੀ ਲਾਈਨ 'ਤੇ ਤੋਰ ਕੇ ਆਜ਼ਾਦੀ ਵਲ ਲੈ ਜਾਣਾ ਚਾਹੁੰਦੇ ਸੀ। ਹਿੰਦੂ ਲਹਿਰ ਭਵਿਖ ਦੇ ਭਾਰਤ ਨੂੰ ਹਿੰਦੂ ਰਾਸ਼ਟਰ ਦੀ ਸ਼ਕਲ 'ਚ ਦੇਖ ਰਹੀ ਸੀ। ਇਸਲਾਮੀ ਲਹਿਰ ਭਵਿਖ ਬਾਰੇ ਓਦੋਂ ਸਾਫ਼ ਨਹੀਂ ਸੀ ਹੋਈ, ਪਰ ਉਨ੍ਹਾਂ ਨੂੰ ਏਨਾ ਜ਼ਰੂਰ ਪਤਾ ਸੀ ਕਿ ਭਵਿਖ ਦੇ ਭਾਰਤ ਵਿਚ ਹਿੰਦੂਆਂ ਦਾ ਗਲਬਾ ਹੋਏਗਾ। ਇਸ ਲਈ ਆਉਣ ਵਾਲੀ ਸਟੇਟ ਜਮਹੂਰੀ (ਡੈਮੋਕਰੇਟਿਕ) ਨਹੀਂ ਹੋਣੀ, ਕਿਉਂਕਿ ਜੇ ਇਹ ਜਮਹੂਰੀ ਹੋਈ ਤਾਂ ਰਾਜ ਮੈਜਾਰਟੀ ਦਾ ਹੋਏਗਾ ਤੇ ਮੈਜਾਰਿਟੀ ਹਿੰਦੂਆਂ ਦੀ ਹੋਏਗੀ।

ਪਿਛਲੀ ਸਦੀ ਦੀਆਂ ਧਾਰਮਕ ਲਹਿਰਾਂ ਵਿਚੋਂ ਬਹੁਤੇ ਬੰਦੇ ਸੈਕੂਲਰ ਕੌਮਵਾਦ ਵਲ ਆਏ। ਉਹਨਾਂ ਧਰਮ ਤੇ ਸਿਆਸਤ (ਕੌਮ) ਨੂੰ ਰਲਗਡ ਨਹੀਂ ਕੀਤਾ। ਉਹ ਕਹਿੰਦੇ ਸੀ ਕਿ ਹਰ ਬੰਦਾ ਆਪਣਾ ਧਾਰਮਕ ਅਕੀਦਾ ਪਾਸੇ ਰਖਦਿਆਂ ਸਿਆਸਤ ਵਿਚ ਸਰਗਰਮ

ਹੋਵੇ। ਗੋਖਲੇ, ਤਿਲਕ, ਜੋਸ਼ੀ, ਰਾਨਾਡੇ ਇਹੋ ਜਿਹੇ ਲੀਡਰਾਂ ਵਿਚੋਂ ਸਨ। ਇਕ ਗੱਲ ਹੋਰ ਹੈ ਕਿ ਮੱਧ ਸ਼੍ਰੇਣੀ ਸਭ ਤੋਂ ਪਹਿਲਾਂ ਹਿੰਦੂਆਂ ਵਿਚ ਪੈਦਾ ਹੋਈ ਤੇ ਮੱਧ ਸ਼੍ਰੇਣੀ ਵਿਚੋਂ ਹੀ ਬਹੁਤੇ ਸੈਕੂਲਰ ਕੌਮਵਾਦ ਵਲ ਆਏ। ਮੁਸਲਮਾਨਾਂ ਵਿਚ ਇਹ ਵਿਚਾਰ ਇਸ ਸਦੀ ਦੇ ਦੂਜੇ ਦਹਾਕੇ ਵਿਚ ਜਾ ਕੇ ਪੈਦਾ ਹੋਏ ਜਦ ਖਿਲਾਫਤ ਦੀ ਮੂਵਮੈਂਟ ਪੈਦਾ ਹੋਈ ਤਾਂ ਮੁਸਲਮਾਨਾਂ ਦੇ ਬੁਧੀਜੀਵੀਆਂ ਦੀ ਪਹਿਲੀ ਪੁਸ਼ਤ ਨੇ ਇਸ ਵਿਚ ਅੱਗੇ ਹੋ ਕੇ ਹਿੱਸਾ ਲਿਆ। ਇਸ ਤੋਂ ਪਹਿਲਾਂ ਮੁਸਲਮ ਲੀਡਰਸ਼ਿਪ ਮੂਲ-ਵਾਦੀ ਹੀ ਸੀ। ਨਵੇਂ ਸੈਕੂਲਰ ਪੰਥੀਆਂ ਵਿਚੋਂ ਬਹੁਤੇ ਸੋਸ਼ਲਿਜ਼ਮ ਵਲ ਚਲੇ ਗਏ। ਕੌਮਵਾਦ ਤੋਂ ਸਮਾਜਵਾਦ ਵਲ ਜਾਣ ਦਾ ਅਮਲ ਆਪਸ ਵਿਚ ਜੁੜਿਆ ਹੋਇਆ ਅਮਲ ਹੈ। ਭਾਰਤ ਵਿਚ ਕੌਮਵਾਦ ਤੇ ਸਮਾਜਵਾਦ ਦਾ ਆਪਸ ਵਿਚ ਕੋਈ ਵਿਰੋਧ ਨਹੀਂ ਸੀ। ਸਮਾਜਵਾਦ ਓਥੇ ਹੀ ਤਾਕਤਵਰ ਹੋਇਆ, ਜਿਥੇ ਕੌਮਵਾਦ ਤਾਕਤਵਾਰ ਸੀ।

ਇਸ ਹਵਾਲੇ ਨਾਲ ਪੰਜਾਬ ਵਿਚ ਸਮਾਜਵਾਦੀ ਲਹਿਰ ਦੇ ਕਮਜ਼ੋਰ ਹੋਣ ਦਾ ਕਾਰਨ ਇਕ ਇਹ ਵੀ ਸੀ ਕਿ ਪੰਜਾਬ ਵਿਚ ਸਮਾਜਵਾਦ ਕਿਸਾਨੀ ਵਿਚ ਬਹੁਤ ਕਮਜ਼ੋਰ ਹਾਲਤ ਵਿਚ ਦਾਖਲ ਹੋਇਆ। ਪੰਜਾਬ ਦੀ ਕਿਸਾਨੀ ਰਵਾਇਤੀ ਚੇਤਨਾ ਥੱਲੇ ਹੀ ਰਹੀ ਤੇ ਸਮਾਜ-ਵਾਦ ਵਲ ਨਹੀਂ ਆ ਸਕੀ। ਇਸ ਤਰ੍ਹਾਂ ਕਿਸਾਨੀ ਵਿਚੋਂ ਨਿਕਲ ਕੇ ਜਿਹੜਾ ਸਮਾਜਵਾਦ ਦਾ ਬੇਸ ਬਣਿਆ ਉਹ ਹੋਰ ਵੀ ਕਮਜ਼ੋਰ ਬਣਿਆ।

ਗਦਰ ਲਹਿਰ ਬਿਨਾਂ ਸ਼ੱਕ ਸੈਕੂਲਰ ਲਹਿਰ ਸੀ, ਜਿਹਦਾ ਮਗਰੋਂ ਮੂੰਹ ਸਮਾਜਵਾਦ ਵਲ ਹੋਇਆ। ਪਰ ਇਹ ਲਹਿਰ ਅਕਾਲੀ ਲਹਿਰ ਦੇ ਮੁਕਾਬਲੇ ਬਹੁਤ ਹੀ ਕਮਜ਼ੋਰ ਲਹਿਰ ਸੀ। ਗਦਰ ਲਹਿਰ ਤੋਂ ਕੁਝ ਲੋਕਾਂ ਨੇ ਦੇਸ਼ ਭਗਤੀ ਦੀ ਪ੍ਰੇਰਨਾ ਤਾਂ ਜ਼ਰੂਰ ਲਈ, ਪਰ ਇਹਦੀ ਚੇਤਨਤਾ ਨਹੀਂ ਲਈ। ਅਕਾਲੀ ਲਹਿਰ ਦੇ ਬਹੁਤ ਸਾਰੇ ਆਗੂ ਗਦਰ ਲਹਿਰ ਤੋਂ ਤਾਂ ਪ੍ਰਭਾਵਤ ਸਨ, ਪਰ ਉਹ ਸਮਾਜਵਾਦ ਵਲ ਨਾ ਵਧੇ।

ਂਜਾਬ ਵਿਚ ਗਦਰ ਪਾਰਟੀ ਦੀ ਵਿਰਾਸਤ ਕਿਉਂ ਫੇਲ੍ਹ ਹੋਈ, ਇਹ ਮੇਰੀ ਖੋਜ ਦਾ ਮਜ਼ਮੂਨ ਹੈ। ਪੰਜਾਬ ਵਿਚ ਕੌਮਵਾਦ ਦੋ ਢੰਗਾਂ ਨਾਲ ਪਹੁੰਚ ਸਕਦਾ ਸੀ। ਇਕ ਤਾਂ ਵਪਾਰਕ ਤਬਕੇ ਰਾਹੀਂ, ਜਿਵੇਂ ਭਾਰਤ ਦੇ ਹੋਰ ਹਿੱਸਿਆਂ ਵਿਚ ਪਹੁੰਚਿਆ ਸੀ, ਪਰ ਪੰਜਾਬ ਵਿਚ ਵਪਾਰੀਆਂ ਦੀ ਕਿਸਾਨਾਂ ਨਾਲ ਹਮੇਸ਼ਾ ਲਗਦੀ ਰਹੀ। ਇਤਫਾਕਨ ਵਪਾਰਕ ਤਬਕੇ ਅਤੇ ਕਿਸਾਨਾਂ ਦਾ ਧਰਮ ਇਕ ਨਹੀਂ ਸੀ। ਗਦਰ ਪਾਰਟੀ ਦੀ ਲਹਿਰ ਨੂੰ ਅੰਗਰੇਜ਼ ਸਰਕਾਰ ਨੇ ਬਹੁਤ ਬੇਰਹਿਮੀ ਨਾਲ ਦਬਾਇਆ ਸੀ,ਗਦਰ ਪਾਰਟੀ ਨੂੰ ਖੁਲ੍ਹਾ ਪ੍ਰਚਾਰ ਕਰਨ ਲੋਕਾਂ ਤਕ ਪਹੁੰਚਾਣ ਦਾ ਮੌਕਾ ਹੀ ਕਿਸੇ ਨਹੀਂ ਦਿੱਤਾ। ਆਗੂਆਂ ਨੂੰ ਫਾਸੀ ਦੇ ਦਿਤੀ ਗਈ ਤੇ ਬਾਕੀਆਂ ਨੂੰ ਉਮਰ ਕੈਦਾਂ। ਗਦਰ ਪਾਰਟੀ ਵਾਲੇ ਜੇ ਗੁਰਦੁਆਰਿਆਂ ਵਿਚ ਜਾ ਕੇ ਆਪਣਾ ਬੇਸ ਬਣਾ ਲੈਂਦੇ ਤਾਂ ਅਸਰ ਕੁਝ ਹੋਰ ਹੀ ਹੋਣਾ ਸੀ।

ਤੀਜੇ ਦਹਾਕੇ ਵਿਚ ਪੰਜਾਬ ਵਿਚ ਤਿੰਨ ਧਾਰਾਵਾਂ ਚਲ ਰਹੀਆਂ ਸਨ। ਖਾਲਸ ਕੌਮਪ੍ਰਸਤ, ਅਕਾਲੀ ਫਿਰਕਾ-ਪ੍ਰਸਤ ਤੇ ਸਮਾਜਵਾਦੀ। ਹੁਣ ਸਵਾਲ ਇਹ ਹੈ ਕਿ ਸਿੱਖ ਫਿਰਕਾਪ੍ਰਸਤੀ ਹੀ ਕਿਉਂ ਕਾਮਯਾਬ ਹੋਈ। ਦੁਨੀਆਂ ਵਿਚ ਕਿਤੇ ਵੀ ਕਿਸਾਨੀ ਸਮਾਜਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਨਹੀਂ ਹੋਈ, ਕੌਮਪ੍ਰਸਤੀ ਤੋਂ ਜ਼ਰੂਰ ਪ੍ਰਭਾਵਤ ਹੁੰਦੀ ਰਹੀ ਹੈ। ਸਾਨੂੰ ਪਹਿਲਾਂ ਇਹ ਲੱਗਦਾ ਸੀ ਕਿ ਚੀਨ ਤੇ ਰੂਸ ਦੀ ਕਿਸਾਨੀ ਸਮਾਜਵਾਦੀ ਬਣ ਗਈ। ਪਰ ਹੁਣ ਸਾਨੂੰ ਪਤਾ ਲੱਗ ਰਿਹਾ ਹੈ ਕਿ ਕਿਤੇ ਵੀ ਕਿਸਾਨਾਂ ਨੇ ਸਮਾਜਵਾਦ ਦੀ ਸੰਸਥਾ ਨੂੰ ਸਵੀਕਾਰ ਨਹੀਂ ਕੀਤਾ। ਕਿਸਾਨ ਸਮਾਜਵਾਦ ਦੇ ਸਮਾਜਕ ਸੁਨੇਹੇ (ਬਰਾਬਰੀ) ਤੋਂ ਤਾਂ ਪ੍ਰਭਾਵਤ ਹੁੰਦੇ ਹਨ, ਪਰ ਇਹਦੀ ਆਰਥਿਕਤਾ (ਜਾਇਦਾਦ ਦਾ ਖਾਤਮਾ) ਤੋਂ ਕਦੇ ਪ੍ਰਭਾਵਿਤ ਨਹੀਂ ਹੋ ਸਕਦੇ। ਪੰਜਾਬ ਦੇ ਕਮਿਊਨਿਸਟ ਸਨਅਤੀ ਸਮਾਜ ਦਾ ਨਕਸ਼ਾ ਪੇਸ਼ ਨਹੀਂ ਕਰਦੇ ਰਹੇ, ਸਗੋਂ ਰਣਜੀਤ ਸਿੰਘ ਦੇ ਰਾਜ ਵੇਲੇ ਦਾ ਨਕਸ਼ਾ ਪੇਸ਼ ਕਰਦੇ ਰਹੇ ਹਨ ਕਿ ਸਾਰੇ ਜੱਟਾ ਕੋਲ ਜ਼ਮੀਨਾਂ ਹੋਣਗੀਆਂ ਤੇ ਸਾਰੇ ਖੁਲ੍ਹਾ ਖਾਣ ਪੀਣਗੇ। ਜਿਵੇਂ ਸ਼ਾਹ ਮੁਹੰਮਦ ਕਹਿੰਦਾ ਹੈ : "ਵਾਹੀ ਕਰਦੇ ਤੇ ਰੋਟੀਆ ਖੂਬ ਖਾਂਦੇ, ਅਸੀਂ ਜਿਨ੍ਹਾਂ ਦੇ ਪੁੱਤ ਤੇ ਪੋਤਰੇ ਜੀ।" ਕਮਿਊਨਿਸਟ ਇਹ ਦਸਦੇ ਨਹੀਂ ਜਾਂ ਦੱਸਣਾ ਨਹੀਂ ਚਾਹੁੰਦੇ ਕਿ ਅਸੀਂ ਤਾਂ ਉਸ ਸਮਾਜ ਲਈ ਲੜ ਰਹੇ ਹਾਂ, ਜਿਥੇ ਕਿਸਾਨੀ ਖਤਮ ਹੋ ਜਾਏਗੀ।

? ਸੰਨ 1947 ਤੋਂ ਪਹਿਲਾਂ ਤਾਂ ਪੰਜਾਬ ਵਿਚ ਅਕਾਲੀ ਲਹਿਰ ਦਾ ਰੋਲ ਅਗਾਂਹ-ਵਧੂ ਸੀ, ਪਰ 1947 ਤੋਂ ਮਗਰੋਂ ਕੀ ਹੋ ਗਿਆ ?

o ਅਸਲ ਵਿਚ ਧਰਮ ਦੋਹਵੀਂ ਪਾਸੀਂ ਲੱਗੋਂਦਾ ਹੈ। ਧਰਮ ਦੀ ਇਕ ਆਵਾਜ਼ ਨਹੀਂ। ਧਰਮ ਵਿਚੋਂ ਕੋਈ ਕਿਸ ਤਰ੍ਹਾਂ ਦੀ ਪ੍ਰੇਰਣਾ ਲੈਂਦਾ ਹੈ, ਇਹ ਦੇਖਣ ਵਾਲੀ ਗੱਲ ਹੈ। ਬੀਤੇ ਸਮੇਂ ਦੀ ਵੀ ਇਕ ਆਵਾਜ਼

ਨਹੀਂ। ਹੁਣ ਸਵਾਲ ਹੈ ਕਿ ਤੁਸੀਂ ਕਿਹੜੀ ਆਵਾਜ਼ ਸੁਣਨ ਦੇ ਇਛੁੱਕ ਹੋ। ਸੰਨ 1947 ਤੋਂ ਪਹਿਲਾਂ ਵੀ ਤਾਂ ਇਹ ਹਾਲ ਸੀ ਕਿ ਇਕ ਪਾਸੇ ਗਦਰੀ ਬਾਬੇ ਸਨ ਜੋ ਕਹਿੰਦੇ ਸੀ ਕਿ ਸੱਚਾ ਸਿੱਖ ਓਹੀ, ਜੋ ਅੰਗਰੇਜ਼ਾਂ ਦੇ ਖਿਲਾਫ ਲੜੇ ਤੇ ਦੂਜੇ ਪਾਸੇ ਚੀਫ ਖਾਲਸਾ ਦੀਵਾਨ ਵਾਲੇ ਵੀ ਸਨ, ਜੋ ਕਹਿੰਦੇ ਸੀ ਕਿ ਸੱਚਾ ਸਿੱਖ ਓਹੀ ਜੋ ਅੰਗਰੇਜ਼ਾਂ ਦੀ ਜੀਅ_ਹਜ਼ੂਰੀ ਕਰੇ। ਸੋ ਧਰਮ ਆਪਣੇ ਆਪ ਵਿਚ ਕੁਝ ਨਹੀਂ ਬੋਲਦਾ। ਧਰਮ ਤਾਂ ਜ਼ਿੰਦਗੀ ਦਾ ਸਦਾਚਾਰਕ ਪਹਿਲੂ ਸਾਹਮਣੇ ਰੱਖਦਾ ਹੈ। ਉਹ ਆਪਣੇ ਆਪ ਸਿਆਸੀ ਸੇਧ ਨਹੀਂ ਦਿੰਦਾ। ਇਸ ਤੋਂ ਸਿਆਸੀ ਸੇਧ ਕੱਢੀ ਜਾਂਦੀ ਹੈ ਤੇ ਇਹ ਸੇਧ ਕਿਹੋ ਜਿਹੀ ਕੱਢੀ ਜਾਏਗੀ ਕਿ ਇਹ ਜਮਾਤਾਂ ਦੇ ਗਰੁੱਪਾਂ ਦੇ ਹਿੱਤਾਂ ਦੀ ਗੱਲ ਹੈ, ਜਿਹੜੇ ਅੱਜ ਲੜ ਰਹੇ ਹਨ ਜਾਂ ਇਉਂ ਆਖ ਲਓ ਕਿ ਜਿਹੜਾ ਅੱਜ ਡਰਾਮਾ ਹੋ ਰਿਹਾ ਹੈ, ਇਸ ਵਿਚ ਭੂਤਕਾਲ ਦੀ ਕਿਸ ਤਰ੍ਹਾਂ ਦੀ Costume ਪਾਉਣੀ ਹੈ, ਇਹ ਮਸਲਾ ਧਰਮ ਦਾ ਨਹੀਂ, ਸਿਆਸਤ ਦਾ ਹੈ। ਤੇ ਏਸ ਸਿਆਸਤ ਨੇ ਹੀ ਧਰਮ ਨੂੰ ਆਪਣੇ ਨਾਲ ਜੋੜਨਾ ਹੈ। ਧਰਮ ਨੇ ਕਿਸ ਪਾਸੇ ਭੁਗਤਣਾ ਹੈ, ਇਹ ਗੱਲ ਧਰਮ ਦੇ ਵਿਚ ਨਹੀਂ ਹੈ। ਧਰਮ ਤਾਂ ਨਾ ਇਹ ਕਹਿੰਦਾ ਹੈ ਕਿ ਸਮਾਜਵਾਦ ਲਈ ਲੜੋ ਤੇ ਨਾ ਹੀ ਇਹ ਕਹਿੰਦਾ ਹੈ ਕਿ ਸਮਾਜਵਾਦ ਲਈ ਨਾ ਲੜੋ। ਧਰਮ ਕੋਈ ਆਰਥਕ ਪ੍ਰਬੰਧ ਵੀ ਪੇਸ਼ ਨਹੀਂ ਕਰਦਾ। ਧਰਮ ਤਾਂ ਚੰਗੇ ਇਨਸਾਨ ਬਣਨ ਲਈ ਕਹਿੰਦਾ ਹੈ। ਅੱਜ ਦੇ ਜ਼ਮਾਨੇ ਵਿਚ ਚੰਗਾ ਬੰਦਾ ਕੌਣ ਹੈ, ਇਹ ਸਿਆਸੀ ਮਸਲਾ ਹੈ। "ਜੇ ਸਕਤਾ ਸਕਤੇ ਕਉ ਮਾਰੇ" ਦੀ ਗੱਲ ਜ਼ੈਲ ਸਿੰਘ ਵੀ ਕਹਿੰਦਾ ਸੀ ਤੇ ਖਾਲਸਤਾਨੀ ਵੀ ਕਹਿੰਦੇ ਨੇ। ਅੰਗਰੇਜ਼ੀ ਵਿਚ ਮੁਹਾਵਰਾ ਹੈ: Devil quoting the scripiures. ਸਾਨੂੰ ਜ਼ੈਲ ਸਿੰਘ ਦਾ ਵੀ ਪਤਾ ਹੈ ਤੇ ਦੂਜਿਆਂ ਦਾ ਵੀ ਏਸ ਤਰ੍ਹਾਂ ਗੁਰਬਾਣੀ ਤਾਂ ਮਾੜੀ ਨਹੀਂ ਬਣ ਜਾਂਦੀ। ਗੁਰਬਾਣੀ ਪਾਪੀਆਂ ਨੂੰ ਪਾਠ ਕਰਨੋਂ ਵੀ ਨਹੀਂ ਰੋਕ ਸਕਦੀ।

? ਕਾਮਰੇਡਾਂ ਕੋਲ ਸਪੱਸ਼ਟ ਪ੍ਰੋਗਰਾਮ ਹੈ, ਜਥੇਬੰਦੀ ਹੈ; ਪਰ ਖਾਲਸਤਾਨੀਆਂ ਕੋਲ ਤਾਂ ਕੁਝ ਵੀ ਨਹੀਂ। ਪਰ ਫੇਰ ਵੀ ਇਨ੍ਹਾਂ ਨੇ ਲੋਕਾਂ ਨੂੰ ਸੁਕਣੇ ਪਾਇਆ ਹੋਇਆ ਹੈ।

o ਇਹ ਬਹੁਤ ਵਧੀਆ ਸਵਾਲ ਹੈ। ਖੱਬੇ ਪੱਖ ਦੀ ਵਿਚਾਰਧਾਰਾ ਤਾਂ ਤੁਹਾਡੇ ਵਾਸਤੇ ਸਪੱਸ਼ਟ ਹੈ। ਲੋਕਾਂ ਵਾਸਤੇ ਨਹੀਂ। ਤੁਸੀਂ ਐਸਾ ਭਵਿਖ ਪੇਸ਼ ਕਰਦੇ ਹੋ ਜਿਹੜਾ ਤੁਹਾਡੇ ਮਨ ਵਿਚ ਬੜਾ ਸਪੱਸ਼ਟ ਹੈ। ਤੁਸੀਂ *ਇਹ ਆਪ ਹੀ ਮੰਨ ਲਿਆ ਹੈ ਕਿ ਕਿਸਾਨੀ ਵਾਸਤੇ* ਸਮਾਜਵਾਦ ਚੰਗਾ ਹੈ। ਪਰ ਕੀ ਕਿਸਾਨੀ ਨੇ ਉਸ ਸਮਾਜਵਾਦ ਨੂੰ ਮੰਨ ਲਿਐ? ਮਾਰਕਸ ਦੀ ਸਾਰੀ ਵਿਚਾਰਧਾਰਾ ਕਿਸਾਨੀ ਦੇ ਖਾਤਮੇ ਤੋਂ ਬਾਅਦ ਸ਼ੁਰੂ ਹੁੰਦੀ ਹੈ – ਸਨਅਤੀ ਸਮਾਜ ਵਿਚ।

? ਕਿਸਾਨੀ ਸਮਾਜਵਾਦ ਮੰਨਦੀ ਨਹੀਂ। ਪੰਜਾਬ ਵਿਚ ਪੂੰਜੀਵਾਦ ਦੀਆਂ ਜੜ੍ਹਾਂ ਨਹੀਂ ਲੱਗੀਆਂ। ਫੇਰ ਕੀਤਾ ਕੀ ਜਾਵੇ? ਕੀ ਓਦੋਂ ਤਕ ਉਡੀਕ ਕੀਤੀ ਜਾਵੇ, ਜਦ ਤਕ ਸਨਅਤੀ ਸਮਾਜ ਪੈਦਾ ਨਹੀਂ ਹੁੰਦਾ?

o ਇਹਦਾ ਕੋਈ ਹੱਲ ਨਹੀਂ। ਜੇ ਨਹੀਂ ਉਡੀਕਣਾ ਤਾਂ ਕੰਧ ਨਾਲ ਟੱਕਰਾਂ ਮਾਰੀ ਜਾਓ। ਇਹ ਤੁਹਾਡੀ ਪ੍ਰਾਬਲਮ ਹੈ। ਪੰਜਾਬ ਦਾ ਕਿਸਾਨ ਬੜਾ ਸਮਝਦਾਰ ਹੈ। ਇਹਨੇ ਇਹ ਤਾਂ ਸੋਚ ਲਿਆ ਕਿ ਕਾਮਰੇਡ ਹੁੰਦੇ ਤਾਂ ਬੜੇ ਚੰਗੇ ਨੇ, ਜਦ ਇਹ ਸਾਡੇ ਹਿੱਤਾਂ ਲਈ ਲੜਨਗੇ, ਅਸੀਂ ਇਨ੍ਹਾਂ ਦੇ ਪਿਛੇ ਹੋਵਾਂਗੇ ਤੇ ਸਮਾਜਕ ਤੇ ਧਾਰਮਕ ਮੰਗਾਂ ਲਈ ਅਸੀਂ ਅਕਾਲੀਆਂ (ਖਾਲਸਤਾਨੀਆਂ) ਪਿਛੇ ਲਗਿਆ ਕਰਾਂਗੇ। ਕਾਂਗਰਸੀ ਵਿਚ-ਵਿਚਾਲੇ ਘੀਚੀ ਡੱਡਾ ਵਜਾਈ ਜਾਂਦੇ ਨੇ।

? ਮੂਲਵਾਦ ਹੈ ਕੀ ਬਲਾ?

o ਜਿਹੜੇ ਕਿਸਾਨੀ ਸਮਾਜ ਅੱਜ ਕਲ੍ਹ ਪੂੰਜੀਵਾਦ ਦੀ ਲਪੇਟ ਵਿਚ ਆ ਚੁਕੇ ਹਨ, ਉਨ੍ਹਾਂ ਨੂੰ ਇਹ ਅਹਿਸਾਸ ਹੋ ਚੁੱਕਾ ਹੈ ਕਿ ਉਨ੍ਹਾਂ ਦਾ ਅਖੀਰ ਨੇੜੇ ਆ ਗਿਆ ਹੈ। ਇਹ ਲੋਕ ਕਿਸਾਨੀ ਕਦਰਾਂ ਕੀਮਤਾਂ ਰਵਾਇਤਾਂ ਨੂੰ ਹਰ ਹੀਲੇ ਜੀਉਂਦੇ ਰੱਖਣਾ ਚਾਹੁੰਦੇ ਹਨ। ਇਹ ਜਟਵੈੜਪੁਣਾ ਹੈ। ਇਤਿਹਾਸ ਦਾ ਘਹੀਆ ਇਨ੍ਹਾਂ ਨੂੰ ਦਰੜ ਕੇ ਅਗੇ ਨਿਕਲ ਜਾਵੇਗਾ। ਕਿਸਾਨੀ ਪੂੰਜੀਵਾਦ ਨੂੰ ਆਉਣ ਤੋਂ ਡਕ ਨਹੀਂ ਸਕਦੀ। ਇਹ ਇਤਿਹਾਸਕ ਅਮਲ ਹੈ, ਜੋ ਸਰਵ ਵਿਆਪੀ ਹੈ। ਪੰਜਾਬ ਦੇ ਮਸਲੇ ਦਾ ਕੋਈ ਫੌਰੀ ਹੱਲ ਨਹੀਂ ਨਜ਼ਰ ਆਉਂਦਾ। ਇਹ ਖਾਨਾਜੰਗੀ ਚਲਦੀ ਰਹਿਣੀ ਹੈ। ਯੂਰਪ ਵਿਚ ਕਿਸਾਨੀ ਦੇ ਖਿੰਡਣ-ਪੁੰਡਣ ਨੂੰ ਤਿੰਨ ਚਾਰ ਸੌ ਸਾਲ ਲਗਦੇ ਰਹੇ ਹਨ। ਫਰਾਂਸ ਵਿਚ ਕਿੰਨੇ ਸਾਲ ਖ਼ੂਨ ਖਰਾਬਾ ਹੁੰਦਾ ਰਿਹਾ। ਇਹ ਲੋਕ ਨਹੀਂ ਸਮਝਦੇ ਕਿ ਖਾਲਿਸਤਾਨ ਵਿਚ ਕਿਹੜਾ ਪੂੰਜੀਵਾਦ ਖਤਮ ਖਤਮ ਹੋ ਜਾਣਾ ਹੈ। ਖਾਲਿਸਤਾਨੀ ਟੇਢੇ ਢੰਗ ਨਾਲ ਸਰਕਾਰ ਦੇ ਹੱਥਠੋਕੇ ਬਣੇ ਹੋਏ ਹਨ। ਜਦੋਂ ਤਕ ਇਹ

ਕਤਲੇਆਮ ਕਰਦੇ ਰਹਿਣਗੇ, ਹਿੰਦੁਸਤਾਨੀ ਸਟੇਟ ਪੰਜਾਬ ਵਿਚ ਟੈਰੋਰਿਸਟ ਰੂਲ ਕਾਇਮ ਰਖੇਗੀ। ਪੰਜਾਬ ਦੀ ਕਿਸਾਨੀ ਨੂੰ ਜਮਹੂਰੀ ਹੱਕ ਦੇਣ ਦੀ ਬਜਾਇ ਉਹਦੀ ਡੰਡੇ ਨਾਲ Dissolution ਕਰੇਗੀ। ਕਿਸਾਨੀ ਨੇ ਤਾਂ ਇਤਿਹਾਸਕ ਤੌਰ ਤੇ ਟੁੱਟਣਾ ਹੀ ਹੈ। ਹੁਣ ਸਵਾਲ ਇਹ ਹੈ ਕਿ ਇਹ ਅਮਲ ਤਕਲੀਫ ਨਾਲ ਹੋਵੇ ਜਾਂ ਨਾ। ਅੱਤਵਾਦ ਤੇ ਸਰਕਾਰੀ ਤਸ਼ੱਦਦ ਦਾ ਜੋ ਆਪੋ ਵਿਚ ਜੋੜ ਬਣਿਆ ਹੋਇਐ, ਉਹਨੂੰ ਸਮਝਣ ਦੀ ਵੀ ਲੋੜ ਹੈ।

? ਧਰਮ ਤੇ ਸਿਆਸਤ ਨੂੰ ਵੱਖ ਕਰਨ ਦੀ ਗੱਲ ਕਮਿਊਨਿਸਟ ਵੀ ਕਰਦੇ ਹਨ ਤੇ ਲਿਬਰਲ ਬੁਰਜਵਾ ਵੀ। ਕੀ ਇਹ ਹੋ ਸਕਦੈ ?

o ਧਰਮ ਤੇ ਸਿਆਸਤ ਦਾ ਮਸਲਾ ਚਾਹੀਦਾ ਜਾਂ ਨਾ ਚਾਹੀਦਾ ਵਾਲਾ ਨਹੀਂ। ਚਾਹੁੰਦੇ ਤਾਂ ਅਸੀਂ ਬਹੁਤ ਕੁਝ ਹਾਂ ਕਿ ਇਹ ਹੋ ਜਾਏ ਉਹ ਹੋ ਜਾਏ। ਪਰ ਇਤਿਹਾਸਕ ਤੌਰ ਤੇ ਭਾਰਤ ਵਿਚ ਖਾਸ ਕਰ 19ਵੀਂ ਸਦੀ ਤੋਂ ਧਰਮ ਤੇ ਸਿਆਸਤ ਬਹੁਤ ਨੇੜੇ ਆਏ। (ਯੂਰਪ ਵਿਚ ਇਹ ਰਿਸ਼ਤਾ ਦੂਰ ਦਾ ਹੈ, ਪਰ ਧਰਮ ਸਿਆਸਤ ਨੂੰ ਪ੍ਰਭਾਵਤ ਕਰਦਾ ਹੈ।) ਚੇਤਨਤਾ ਵਿਚ ਬਣੇ ਧਰਮ ਤੇ ਸਿਆਸਤ ਦੇ ਰਿਸ਼ਤੇ ਨੂੰ ਕੋਈ ਕਾਨੂੰਨ ਨਹੀਂ ਰੋਕ ਸਕਦਾ। ਦਾਜ ਦੇ ਤੇ ਸਤੀ ਦੇ ਕਾਨੂੰਨ ਬਣੇ ਹੀ ਹੋਏ ਹਨ, ਉਹਦਾ ਕਿੰਨਾ ਕੁ ਅਸਰ ਹੈ। ਵੱਢੀਖੋਰੀ ਦਾ ਕਾਨੂੰਨ ਵੀ ਹੈ। ਕਾਨੂੰਨ ਲਾਗੂ ਤਾਂ ਇਹਨਾਂ ਸ਼੍ਰੇਣੀਆਂ ਨੇ ਹੀ ਕਰਨੇ ਹਨ।

? ਇਹ ਸਭ ਕੁਝ ਦੇ ਬਾਅਦ ਕੀ ਪੰਜਾਬੀ ਹਿੰਦੂਆਂ ਨੂੰ ਪੰਜਾਬੀ ਬੋਲੀ ਬਾਰੇ ਕੋਈ ਅਹਿਸਾਸ ਹੋਇਆ ਹੈ ?

o ਬੋਲੀ ਦਾ ਮਸਲਾ ਆਰਥਕਤਾ ਤੇ ਸਿਆਸਤ ਨਾਲ ਜੁੜਿਆ ਹੋਇਆ ਹੈ। ਹੁਣ ਤਕ ਤਾਂ ਹਿੰਦੂਆਂ ਨੂੰ ਪੰਜਾਬੀ ਨਾ ਬੋਲਣ ਸਿਖਣ ਦਾ ਦੋਸ਼ ਦਿੱਤਾ ਜਾਂਦਾ ਰਿਹਾ ਹੈ, ਮੈਂ ਤਾਂ ਇਹ ਸੋਚਦਾ ਹਾਂ ਕਿ ਪੰਜਾਬ ਦਾ ਭਵਿਖ ਐਧਰ ਜਾ ਰਿਹਾ ਹੈ, ਸਿੱਖ ਪੰਜਾਬੀ ਬੋਲਣੀ ਲਿਖਣੀ ਵੀ ਛੱਡ ਦੇਣਗੇ। ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਸਿੱਖ ਕਿੰਨੀ ਕੁ ਪੰਜਾਬੀ ਦੀ ਗੱਲ ਸੋਚਦੇ ਕਰਦੇ ਹਨ ਸਾਰਿਆਂ ਨੂੰ ਪਤਾ ਹੀ ਹੈ। ਬਾਦਲ ਦੀ ਆਪਣੀ ਔਲਾਦ ਕੀ ਕਰਦੀ ਹੈ। ਦਿੱਲੀ ਵਿਚ ਸਿੱਖਾਂ ਦੀ ਨਵੀਂ ਪੀੜ੍ਹੀ ਦੇ ਲੋਕ ਹਿੰਦੀ ਬੋਲਦੇ ਹਨ। ਗੱਲ ਸਾਰੀ ਮਾਹੌਲ ਦੀ ਹੈ ਤੇ ਆਰਥਕਤਾ ਦੀ। ਅੱਜ ਜੇ ਹਿੰਦੂਆਂ ਨੂੰ ਪਤਾ ਲੱਗ ਜਾਏ ਕਿ ਪੰਜਾਬੀ ਬਗੈਰ ਨੌਕਰੀ ਨਹੀਂ ਮਿਲਣੀ ਵਣਜ ਵਪਾਰ ਨਹੀਂ ਚਲਣਾ, ਤਾਂ ਇਹ ਪੰਜਾਬੀ ਨੱਠ ਕੇ ਅਪਣਾਉਣਗੇ।

? ਪੰਜਾਬ ਵਿਚ ਹੈਵੀ ਇੰਡਸਟਰੀ ਲਗਣ ਨਾਲ ਕੁਝ ਸੌਰ ਜਾਊਗਾ ਜਾ ਨਹੀਂ ?

o ਇਹ ਵੀ ਭਰਮ ਹੈ ਜੋ ਉਨ੍ਹਾਂ ਸਰਮਾਏਦਾਰਾਂ ਦਾ ਪੈਦਾ ਕੀਤਾ ਹੋਇਆ ਹੈ, ਜੋ ਪੰਜਾਬ ਵਿਚ ਇੰਡਸਟਰੀ ਲਾਉਣਾ ਚਾਹੁੰਦੇ ਹਨ। ਇਸ ਨਾਲ ਦਹਿਸ਼ਤਵਾਦ ਦਾ ਮਸਲਾ ਹੱਲ ਨਹੀਂ ਹੋਣਾ। ਜੇ ਬੇਰੁਜ਼ਗਾਰੀ ਦਹਿਸ਼ਤਵਾਦ ਦੀ ਮਾਂ ਹੁੰਦੀ ਤਾਂ ਸਾਰੇ ਮੁਲਕ 'ਚ ਦਹਿਸ਼ਤਵਾਦ ਚਲਣਾ ਚਾਹੀਦਾ ਸੀ। ਸਵਾਲ ਇਹ ਹੈ ਕਿ ਬੇਰਜ਼ਗਾਰੀ ਵਰਗੀਆਂ ਤਕਲੀਫਾਂ ਜੋ ਲੋਕਾਂ ਨੂੰ ਪੇਸ਼ ਆਉਂਦੀਆਂ ਹਨ, ਉਹਨਾਂ ਤਕਲੀਫਾਂ ਤੋਂ ਅੱਕ ਕੇ ਲੋਕ ਕਿਸ ਤਰ੍ਹਾਂ ਦੀ ਵਿਚਾਰਧਾਰਾ ਵਲ ਜਾਂਦੇ ਨੇ। ਓਹੀ ਨੌਜਵਾਨ ਖੱਬੀ ਸਿਆਸਤ ਵਲ ਖਿਚੇ ਜਾਣ ਦੀ ਬਜਾਏ ਸੱਜੀ ਸਿਆਸਤ ਵਲ ਖਿਚੇ ਗਏ ਹਨ। ਆਰਥਕ ਸੰਕਟ ਜ਼ਰੂਰੀ ਤੌਰ ਤੇ ਇਨਕਲਾਬ ਨੂੰ ਜਨਮ ਨਹੀਂ ਦਿੰਦਾ। ਇਹ ਫਾਸ਼ੀਵਾਦ ਨੂੰ ਜਨਮ ਦੇ ਸਕਦਾ ਹੈ ਔਰ ਕਈ ਹਾਲਤਾਂ ਵਿਚ ਤੁਸੀਂ ਇਹਨੂੰ ਰੋਕ ਨਹੀਂ ਸਕਦੇ।

? ਪੰਜਾਬ ਦੀ ਇਸ ਹਾਲਤ ਦਾ ਕੌਣ ਜ਼ਿੰਮੇਵਾਰ ਹੈ ?

o ਇਸ ਤਰ੍ਹਾਂ ਦੀ ਜ਼ਿੰਮੇਵਾਰੀ ਕਿਸੇ ਇਕ ਜਣੇ 'ਤੇ ਰਖਣੀ ਬੜੀ ਔਖੀ ਹੈ। ਪਰ ਤਾਂ ਵੀ ਕਾਂਗਰਸ ਤੇ ਅਕਾਲੀ ਪਾਰਟੀਆਂ ਇਹਦੀਆਂ ਜ਼ਿੰਮੇਵਾਰ ਹਨ। ਇਨ੍ਹਾਂ ਦੇ ਆਪਸੀ ਕੁਰਸੀ ਯੁਧ ਨੇ ਪੰਜਾਬ ਦਾ ਸਤਿਆਨਾਸ ਕੀਤਾ ਹੈ। ਦੋਹਵਾਂ ਕੋਲ ਪੰਜਾਬ ਦੇ ਮਸਲੇ ਦੇ ਹੱਲ ਦਾ ਕੋਈ ਪ੍ਰੋਗਰਾਮ ਨਹੀ ਇਹਨਾਂ 'ਚ ਸਮਰੱਥਾ ਵੀ ਨਹੀਂ ਹੈ। ਦੂਜੇ ਪਾਸੇ ਦੋ ਪਾਰਟੀਆਂ ਹੋਰ ਨੇ : ਇਕ ਅੱਤਵਾਦੀ ਹਨ, ਜੋ ਖਾਲਿਸਤਾਨ ਬਣਾਉਣਾ ਚਾਹੁੰਦੇ ਨੇ। ਇਹ ਬਣੂ ਜਾਂ ਨਹੀਂ ਬਣੂ ਇਹਦਾ ਫੈਸਲਾ ਇਨ੍ਹਾਂ ਦੇ ਹੱਥ ਨਹੀਂ। ਇਹ ਇਸ ਗੱਲ ਤੇ ਨਿਰਭਰ ਹੈ ਕਿ ਬਾਕੀ ਭਾਰਤ ਵਿਚ ਫਿਰਕਾਪ੍ਰਸਤੀ ਕਿਸ ਹੱਦ ਤਕ ਫੈਲੇਗੀ। ਹਿੰਦੂ ਫਿਰਕਾਪ੍ਰਸਤ ਪੰਜਾਬੋਂ ਬਾਹਰ ਵਸਦੇ ਸਿਖਾਂ ਦੀ ਜ਼ਿੰਦਗੀ ਕਿਸ ਹੱਦ ਤਕ ਦੁਭਰ ਬਣਾਉਣਗੇ। ਪੰਜਾਬ ਦੇ ਕਮਿਊਨਿਸਟ ਭਾਵੇਂ ਤਕੜੀ ਤਰ੍ਹਾਂ ਜਥੇਬੰਦ ਹੋ ਕੇ ਆਪਣਾ ਸਭ ਕੁਝ ਕੁਰਬਾਨ ਵੀ ਕਰ ਦੇਣ ਉਹ ਤਾਂ ਵੀ ਖਾਲਿਸਤਾਨ ਨੂੰ ਰੋਕ ਨਹੀਂ ਸਕਣਗੇ, ਜੇ ਭਾਰਤ ਦੇ ਹਿੰਦੂ ਫਿਰਕਾਪ੍ਰਸਤਾਂ ਨੇ ਆਪਣੀ ਖੇਡ ਜਾਰੀ ਰੱਖੀ।

ਪਾਕਿਸਤਾਨ ਨੇ ਇਹ ਗੱਲ ਸਾਬਤ ਕਰ ਕੇ ਦਿਖਾ ਦਿਤੀ ਕਿ ਕਮਿਉਨਿਟੀਆਂ ਦੇ ਵਖਰੇ ਮੁਲਕ ਬਣਾਉਣ ਨਾਲ ਲੋਕਾਂ ਦੇ ਮਸਲੇ ਹੱਲ ਨਹੀਂ ਹੁੰਦੇ।

? ਪੰਜਾਬੀ ਲੇਖਕਾਂ ਦਾ ਰੋਲ ਇਸ ਹਾਲਤ 'ਚ ਕਿਹੋ ਜਿਹਾ ਰਿਹਾ ?

o ਜਸਵੰਤ ਸਿੰਘ ਕੰਵਲ ਨੂੰ ਛੱਡ ਕੇ ਹੋਰਨਾਂ ਨੇ ਭਾਵੇਂ ਇੰਨੇ ਭਰਵੇਂ ਰੂਪ 'ਚ ਖਾਲਿਸਤਾਨ ਦਾ ਵਿਰੋਧ ਨਾ ਕੀਤਾ ਹੋਵੇ, ਪਰ ਸੰਤੋਖ ਸਿੰਘ ਧੀਰ ਵਰਗੇ ਲੋਕਾਂ ਨੇ ਡੱਟ ਕੇ ਵਿਰੋਧ ਕੀਤਾ ਹੈ। ਤੁਹਾਡੇ ਇਥੇ ਵੀ ਹੋਇਐ। ਹੁਣ ਪ੍ਰਗਤੀਸ਼ੀਲ ਕਵਿਤਾ ਦਾ ਦੂਜਾ ਦੌਰ ਹੈ, ਜਿਹਦੇ 'ਚ ਜਿਹੜੇ ਪ੍ਰਗਤੀਸ਼ੀਲ ਲੜਕੇ ਸੀ ਸਾਰੀ ਨਕਸਲੀ ਮੂਵਮੈਂਟ ਦੀ ਪੈਦਾਵਾਰ ਸੀ, ਕੁਝ ਉਹਨਾਂ ਵਿਚੋਂ ਤੇ ਧੀਰ ਵਾਲੀ ਪੁਸ਼ਤ ਵਿਚੋਂ ਡੱਟ ਕੇ ਖੜੇ ਹਨ। ਪ੍ਰਤੀਬੱਧ ਲੇਖਕਾਂ ਦੀ ਸਮਝ ਵਿਚ ਪੰਜਾਬ ਬਾਰੇ ਕੋਈ ਘਚੋਲ ਨਹੀਂ।

ਸੇਖੋਂ, ਕਿਸ਼ਨ ਸਿੰਘ ਪੁਰਾਣੇ ਦੌਰ ਦੇ ਬੰਦੇ ਨੇ। ਉਪਨਾਂ ਨਵੇਂ ਦੌਰ ਨੂੰ ਸਮਝਿਆ ਨਹੀਂ। ਉਹਦੇ ਕਈ ਕਾਰਣ ਹਨ। ਕਿਸ਼ਨ ਸਿੰਘ ਦੀ ਸਿਖੀ ਬਾਰੇ ਇਕ ਸਮਝ ਬਣੀ ਹੋਈ ਹੈ। ਉਹ ਮਾਰਕਸਵਾਦ ਤੇ ਸਿਖੀ ਨੂੰ ਇਕ ਕਰਕੇ ਦੇਖਦਾ ਸੀ। ਉਹ ਭਰਮ ਵੀ ਦੂਰ ਹੋ ਗਿਆ ਕਿ ਕਮਿਉਨਿਸਟ ਵਿਚਾਰਧਾਰਾ ਵਾਲਾ ਬੰਦਾ ਹੋਰ ਕਿਸੇ ਵਿਚਾਰਧਾਰਾ ਨੂੰ manipulate ਕਰ ਸਕਦਾ ਹੈ।

—o

## ਦਾਜ ਦਾ ਫੰਦਾ/ਹਰੀਸ਼ ਮਲਹੋਤਰਾ, ਬਰਮਿੰਘਮ

ਦਾਜ ਦੇ ਖਿਲਾਫ ਹਿੰਦੁਸਤਾਨ 'ਚ 1961 ਵਿਚ ਕਾਨੂੰਨ ਬਣਾਇਆ ਗਿਆ ਸੀ, ਪਰ ਇਹਦੀ ਪਾਲਣਾ ਬਾਕੀ ਦੇਸੀ ਕਾਨੂੰਨਾਂ ਵਾਂਗ ਕਿੰਨੀ ਕੁ ਹੁੰਦੀ ਹੈ ਉਹ ਭਾਰਤੀ ਹੋਮ ਮਨਿਸਟਰ ਪੀ. ਚਿਦੰਮਬਾਰਾਮ ਦੇ ਪਾਰਲੀਮੈਂਟ 'ਚ ਦਿਤੇ ਬਿਆਨ ਤੋਂ ਪਤਾ ਲੱਗਦਾ ਹੈ। ਮਨਿਸਟਰ ਮੁਤਾਬਕ, "ਸਾਲ 1985 'ਚ 1000 ਔਰਤਾਂ; 1986 'ਚ 1319 ਅਤੇ ਸਾਲ 1987 'ਚ 1786 ਔਰਤਾਂ ਨੂੰ ਮੌਤ ਦੇ ਘਾਟ ਇਸ ਕਰਕੇ ਉਤਾਰ ਦਿੱਤਾ ਗਿਆ ਕਿ ਉਹ ਦਾਜ ਘੱਟ ਲਿਆਈਆਂ ਸਨ। ਇਹ ਵਾਧਾ 36 ਪ੍ਰਤੀਸ਼ਤ ਹੈ। ਸਭ ਤੋਂ ਵੱਧ ਮੌਤਾਂ ਉੱਤਰ ਪ੍ਰਦੇਸ਼ ਪ੍ਰਾਂਤ 'ਚ ਹੁੰਦੀਆਂ ਹਨ। ਪਰ 553 ਔਰਤਾਂ ਨੂੰ ਉੱਤਰ ਪ੍ਰਦੇਸ਼ 'ਚ ਜਾਨੋਂ ਮਾਰ ਦਿੱਤਾ ਗਿਆ ਕਿ ਉਹ ਦਾਜ ਘੱਟ ਲਿਆਈਆਂ ਸਨ।"

ਬਹੁਤੀਆਂ ਔਰਤਾਂ ਨੂੰ ਇਸ ਸਭਿਅਕ ਹੋਣ ਦਾ ਦਾਹਵਾ ਕਰਨ ਵਾਲੇ ਮੁਲਕ 'ਚ ਮਿੱਟੀ ਦਾ ਤੇਲ ਪਾ ਕੇ ਜੀਉਂਦਿਆਂ ਅੱਗ ਲਾ ਕੇ ਤੜਪਾ ਤੜਪਾ ਮਾਰ ਦਿੱਤਾ ਜਾਂਦਾ ਹੈ ਤਾਂਕਿ ਹੱਡਾਂ 'ਚ ਰਚੇ ਮਿਚੇ ਪਾਖੰਡ ਉਪਰ ਦੋਹਰ ਪਾਈ ਜਾ ਸਕੇ ਕਿ ਰਸੋਈ 'ਚ ਕੰਮ ਕਰਦਿਆਂ ਸਟੋਵ ਫੱਟਣ ਜਾਂ ਤੇਲ ਕਪੜਿਆਂ ਉਪਰ ਪੈਣ ਨਾਲ ਮੌਤ ਹੋ ਗਈ ਸੀ। ਇਹਨਾਂ 'ਚ ਤਕਰੀਬਨ ਸਾਰੇ ਹੀ ਜਾਂ ਜ਼ਿਆਦਾਤਰ 'ਕਾਤਲ' ਨੂੰ ਰੱਬ ਨੂੰ ਮੰਨਣ ਵਾਲੇ ਅਤੇ ਸ਼ਰਧਾ ਨਾਲ ਦਿਨ 'ਚ ਇਕ ਦੋ ਵਾਰ ਪੂਜਾ ਕਰਨ ਵਾਲੇ ਹੁੰਦੇ ਹਨ। ਇਹਨਾਂ ਜਾਂ ਇਹਨਾਂ ਦੇ ਰੱਬ ਨੂੰ ਸਰਸਾਮ ਕਿਉਂ ਨਹੀਂ ਹੁੰਦਾ। ਇਹਨਾਂ ਜ਼ਾਲਮਾਂ ਨੂੰ ਸਮਾਜ ਵਿਚ ਵਿਚਰਨ ਕਿਉਂ ਦਿੱਤਾ ਜਾਂਦਾ ਹੈ ? ਲੋਕ, ਇਹਨਾਂ 'ਹਰਨਾਕਸ਼ੀ ਬੁੱਧ' ਵਾਲਿਆਂ ਨਾਲ ਰਿਸ਼ਤਾ, ਨਾਤਾ, ਕਿਉਂ ਰਖਦੇ ਹਨ ? ਕੀ ਇਹ ਇਨਸਾਨ ਅਖਵਾਉਣ ਦੇ ਹੱਕਦਾਰ ਹਨ ? ਵਿਆਹ ਵੇਲੇ ਇਕੱਠਾ ਹੋਇਆ ਹਜੂਮ ਇਨ੍ਹਾਂ ਦੇ ਮਗਰ ਕਿਉਂ ਨਹੀਂ ਪੈਂਦਾ ? ਅਗਰ ਸਰਕਾਰ ਦੇ ਕਾਨੂੰਨ ਨਿਪੁੰਸਕ ਹਨ ਤਾਂ ਕੀ ਲੋਕਾਂ 'ਚ ਜ਼ਮੀਰ ਮਰ ਚੁੱਕੀ ਹੈ, ਜੋ ਇਨ੍ਹਾਂ ਨੂੰ ਸਜ਼ਾ ਨਹੀਂ ਦਿੰਦੇ ? ਇਹੋ ਜਹੇ ਕਈ ਸੁਆਲ ਮੇਰਾ ਪਾਰਾ ਉੱਪਰ ਚੁੱਕਦੇ ਹਨ।

ਅਜੇ ਇਹ ਉਪਰ ਦਿਤੇ ਅੰਕੜੇ ਸਰਕਾਰੀ ਹਨ, ਜੋ ਕਾਫੀ ਜ਼ਿਆਦਾ ਗਲਤ ਹੋ ਸਕਦੇ ਸਨ ਅਤੇ ਕਾਫੀ ਘਟਾ ਕੇ ਵੀ ਦਸੇ ਹੋ ਸਕਦੇ ਹਨ, ਕਿਉਂਕਿ ਮੈਂ ਕਿਸੇ ਵੀ ਬੇਈਮਾਨ ਸਰਕਾਰ ਜਾਂ ਇਨਸਾਨ ਦਾ ਯਕੀਨ ਨਹੀਂ ਕਰਦਾ। ਇਸ ਤੋਂ ਬਿਨਾਂ ਸੈਂਕੜੇ ਇਹੋ ਜਿਹੇ ਕੇਸ ਹੋਣਗੇ, ਜੋ ਸਮਾਜ ਦੇ ਲੰਬੜਦਾਰਾਂ, ਠੇਕੇਦਾਰਾਂ ਅਤੇ ਚੌਧਰੀਆਂ, ਝੂਠੀ ਇੱਜ਼ਤ ਕਰਕੇ ਪਿੰਡ, ਮਹੱਲੇ ਅਤੇ ਸ਼ਹਿਰ ਆਦਿ 'ਚ ਵੈਸੇ ਹੀ ਦੱਬ ਲਏ ਹੋਣੇ ਹਨ ਅਤੇ ਸਰਕਾਰੇ ਦਰਬਾਰੇ ਉਨ੍ਹਾਂ ਦਾ ਕੋਈ ਰੀਕਾਰਡ ਨਹੀਂ ਹੋਵੇਗਾ।

ਸਤੀ ਦੀ ਰਸਮ। ਬੱਚੀਆਂ ਅਤੇ ਲੜਕਿਆਂ ਨੂੰ ਬਲੀ ਚਾੜ੍ਹਨ ਦੀਆਂ ਕਰਤੂਤਾਂ। ਸਾਧਾਂ, ਮਹੰਤਾਂ ਦੇ ਡੇਰਿਆਂ 'ਚ ਹੋ ਰਹੇ ਜ਼ੁਲਮ। ਗੁਰਦੁਆਰਿਆਂ, ਮੰਦਰਾਂ ਅਤੇ ਮਸਜਿਦਾਂ 'ਚ ਹੋ ਰਹੇ ਪਾਖੰਡ। ਸਿਆਸਤਦਾਨਾਂ

ਦੁਆਰਾ ਲੋਕਾਂ ਨੂੰ ਪਿਲਾਇਆ ਜਾਂਦਾ ਝੂਠ। ਲਾਲਚੀ ਵਿਉਪਾਰੀਆਂ ਵਲੋਂ ਜਨਤਾ ਨੂੰ ਖੁਲਾਇਆ ਜਾਂਦਾ ਮਿਲਾਵਟੀ ਰਾਸ਼ਨ। ਹਰ ਗੱਲ 'ਚ ਫੋਕਾਪਨ। ਇਹ ਕੁਝ ਹਕੀਕਤਾਂ ਮੇਰੇ ਮੁਲਕ ਦੀਆਂ ਹਨ। ਜੋ ਅਤਿਆਚਾਰ, ਜ਼ਾਲਮੀ ਕਦਰਾਂ ਕੀਮੇਤਾਂ ਕਰਕੇ ਹਿੰਦੁਸਤਾਨ 'ਚ ਹੁੰਦਾ, ਉਹ ਘਟੋ ਘੱਟ ਪੱਛਮੀ ਮੁਲਕਾਂ 'ਚ ਉਨ੍ਹਾਂ ਦੇ ਵਾਸ਼ਿੰਦਿਆ ਨਾਲ ਨਹੀਂ ਹੁੰਦਾ। ਔਰਤਾਂ ਨਾਲ ਬਰਾਬਰੀ ਤਾਂ ਭਾਵੇਂ ਦੁਨੀਆਂ 'ਚ ਕਿਤੇ ਵੀ ਨਹੀਂ ਹੈ, ਪਰ ਜੋ ਤਾਂਡਵਨਾਚ ਭਾਰਤ ਵਰਸ਼ 'ਚ ਹੋ ਰਿਹਾ, ਉਹ ਲੂੰ ਕੰਡੇ ਖੜੇ ਕਰਨ ਵਾਲੀ ਗੱਲ ਹੈ।

ਭਾਰਤੀ ਔਰਤਾਂ ਨਾਲ ਬੇਇਨਸਾਫੀ ਵਲੈਤ 'ਚ ਵੀ ਏਡਜ਼ ਦੇ ਵੀਛਾਣੂਆਂ ਵਾਂਗ ਫੈਲ ਰਹੀ ਹੈ। ਦਾਜ ਦੀ ਸੜੀ ਗਲੀ ਰਸਮ; ਲੜਕੀਆ ਦੇ ਛੋਟੇ ਉਮਰੇ ਨਰੜ ਵਿਆਹ ਅਤੇ ਔਰਤ ਜ਼ਾਤ ਤੇ ਬੰਦਸ਼ਾਂ ਇਥੇ ਘਟੀਆਂ ਨਹੀਂ ਹਨ। ਕੁੜੀਆਂ ਦੇ ਘਰੋਂ ਦੌੜਨ ਦੀਆਂ ਵਾਰਦਾਤਾਂ 'ਚ ਇਕ ਅਹਿਮ ਨੁਕਤਾ ਇਹ ਵੀ ਹੁੰਦਾ ਹੈ ਕਿ ਉਹਨਾਂ ਉਪਰ "ਅਖੌਤੀ ਵਧੀਆ ਭਾਰਤੀ ਕਲਚਰ" ਦੀਆਂ ਕਦਰਾਂ ਕੀਮੇਤਾਂ ਠੋਸੀਆਂ ਜਾਂਦੀਆਂ ਹਨ। ਇਹ ਗੱਲ ਮੁੰਡਿਆਂ ਤੇ ਲਾਗੂ ਨਹੀਂ ਹੁੰਦੀ। 'ਇੱਜ਼ਤ' ਜਿਹਦਾ ਇਹ ਪਾਖੰਡੀ ਬੜਾ ਵਾਵੇਲਾ ਕਰਦੇ ਹਨ, ਉਹ ਸਿਰਫ ਔਰਤ ਜ਼ਾਤੀ ਤੇ ਹੀ ਲਾਗੂ ਹੁੰਦੀ ਹੈ। ਕੁੜੀ ਘਰੋਂ ਦੌੜ ਜਾਵੇ; ਕੁੜੀ ਨੇ ਕਿਸੇ ਹੋਰ ਜ਼ਾਤੀ ਵਾਲੇ ਮਰਦ ਨਾਲ ਵਿਆਹ ਕਰਾ ਲਿਆ; ਕੁੜੀ ਦਾ ਤਲਾਕ ਹੋ ਜਾਵੇ; ਕੁੜੀ ਦਾ ਕਿਤੇ ਇਸ਼ਕ ਚਲ ਪਵੇ; ਭਾਰਤੀ ਮਰਦ ਦੀ 'ਇੱਜ਼ਤ' ਤੇ ਧੱਬਾ ਲੱਗ ਜਾਂਦਾ ਹੈ। ਇਹ ਸਾਰੀਆਂ ਗੱਲਾਂ ਅਗਰ "ਭਾਰਤੀ ਕਾਕਾ ਜੀ" ਕਰਦੇ ਹੋਣ ਤਾਂ ਉਨ੍ਹਾਂ ਨੂੰ ਤੱਤੀ ਵਾ ਤਕ ਨਹੀਂ ਲਗਦੀ।

ਪਾਖੰਡ ਦਾ ਸਿਰ੍ਹਾ ਹੁੰਦਾ ਹੈ ਤੇ ਉਹ ਸਿਰਾ ਹਿੰਦੁਸਤਾਨੀ ਸਮਾਜ ਦੇ ਮਰਦਾਂ 'ਚ ਹੈ। ਇਨ੍ਹਾਂ ਦਾ ਉੱਚੀ ਉੱਚੀ ਬੋਲ ਸੰਘ ਬੈਠ ਜਾਂਦਾ ਕਿ ਅਸੀਂ ਮਾਂ ਅਤੇ ਭੈਣ ਦੀ ਇੱਜ਼ਤ ਕਰਦੇ ਹਾਂ। ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਕਿ ਭੈਣ ਦੀ ਜ਼ਰੂਰਤ ਵੇਲੇ ਮਦਦ ਕੀਤੀ ਜਾਵੇਗੀ। ਜਦ ਭੈਣਾਂ ਨੂੰ ਦਾਜ ਦੀ ਬਲੀ ਚਾੜ੍ਹਿਆ ਜਾਂਦਾ, ਇਹਨਾਂ ਭਰਾਵਾਂ ਦੇ ਗੁੱਟ ਟੁੱਟ ਜਾਂਦੇ ਹਨ। ਇਹ ਲੂੰਜੇ ਹੋ ਜਾਂਦੇ ਹਨ। ਜਿਹੜੀਆਂ ਤੀਵੀਆਂ ਨੂੰ ਦਾਜ ਦੇ ਫੰਦੇ 'ਚ ਕੋਹਿਆ ਜਾਂਦਾ ਉਹ ਭੈਣਾਂ ਹਨ; ਉਹ ਮਾਵਾਂ ਹਨ। ਕੀ ਇਨ੍ਹਾਂ ਦਾ ਰੱਬ ਅਪਾਹਜ਼ ਹੈ, ਜੋ ਇਨ੍ਹਾਂ ਨੂੰ ਕੁਕਰਮ ਕਰਨ ਤੋਂ ਰੋਕਦਾ ਨਹੀਂ ? ਇਨ੍ਹਾਂ ਦੀਆਂ ਕਈ ਹੱਥਾਂ ਵਾਲੀਆਂ 'ਮਾਤਾਵਾਂ' ਜੋ ਕਹਿੰਦੇ ਸ਼ੇਰਾਂ ਦੀਆਂ ਸੁਆਰੀਆਂ ਕਰਦੀਆਂ ਰਹੀਆਂ ਹਨ—ਕੀ ਟੁੰਡੀਆਂ ਹੋ ਜਾਂਦੀਆਂ ਕਿ ਆਪਣੇ ਭਗਤਾਂ ਨੂੰ ਨੂੜਦੀਆਂ ਨਹੀਂ।

ਸਿਰਫ 'ਕਣ' ਵਾਲੀਆਂ ਅਤੇ ਟੱਲੀ ਵਾਂਗ ਖੜ-ਕਦੀਆਂ ਜ਼ਮੀਰਾਂ ਹੀ ਇਸ ਬੇਇਨਸਾਫੀ ਦੇ ਹੜ੍ਹ ਨੂੰ ਥੰਮ੍ਹ ਸਕਦੀਆਂ ਹਨ। ਠੋਸ਼ ਅਤੇ ਤਰਕਸੋਚ ਵਾਲਿਆਂ ਨੂੰ ਇਹਨਾਂ ਨਾਮਨਿਹਾਦ ਲੋਕਾਂ ਖਿਲਾਫ ਭੰਡੀ ਪ੍ਰਚਾਰ ਤੋਂ ਇਲਾਵਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਵਿਆਹਾਂ ਸ਼ਾਦੀਆਂ 'ਚ ਬਿਲਕੁਲ ਸ਼ਮੂਲੀਅਤ ਨਾ ਕੀਤੀ ਜਾਵੇ ਅਤੇ ਇਨ੍ਹਾਂ ਦੇ ਕੱਚੇ ਚਿੱਠੇ ਅਖਬਾਰਾਂ 'ਚ ਛਪਵਾਏ ਜਾਣ। ਦਾਜ ਮੰਗਣ ਵਾਲਿਆਂ ਨੂੰ 'ਮੰਗਤਿਆਂ' ਦਾ ਖਿਤਾਬ ਦਿੱਤਾ ਜਾਵੇ ਅਤੇ 'ਮੰਗਤੇ' ਸ਼ਬਦ ਉਨ੍ਹਾਂ ਦੇ ਨਾਂ ਮੂਹਰੇ ਲਾਇਆ ਜਾਵੇ। ਇਸ ਜਦੋ-ਜਹਿਦ 'ਚ ਔਰਤਾਂ ਦਾ ਵੀ ਉਨਾਂ ਹੀ ਹਿੱਸਾ ਹੈ ਜਿੰਨਾਂ ਲੋਕ ਹਿੱਤੂ ਮਰਦਾਂ ਦਾ ਤੇ ਇਹ ਘੋਲ ਇਕੱਠੇ ਹੋ ਕੇ ਹੀ ਜਿੱਤਿਆ ਜਾ ਸਕਦਾ ਹੈ। ——

---

## ਪੰਜਾਬ ਸਮੱਸਿਆ ਦੌਰਾਨ ਪਿਸ ਰਹੀ ਹੈ ਪੰਜਾਬੀ ਔਰਤ/ਕਰਮ ਬਰਸਟ

**ਪੰਜਾਬ** ਮਸਲੇ ਬਾਰੇ ਦੇਸ਼ ਵਿਦੇਸ਼ ਵਿਚ ਜਿੰਨਾ ਕੁਝ ਲਿਖਿਆ, ਪੜ੍ਹਿਆ ਅਤੇ ਵਿਚਾਰਿਆ ਗਿਆ ਹੈ, ਭਾਰਤ ਵਿਚ ਉਨੇ ਕਿਸੇ ਹੋਰ ਮਸਲੇ ਬਾਰੇ ਸ਼ਾਇਦ ਹੀ ਕਦੇ ਇੰਨੀ ਚਰਚਾ ਹੋਈ ਹੋਵੇ। ਪਰੰਤੂ ਅਚੰਭੇ ਦੀ ਗੱਲ ਹੈ ਕਿ ਇਨ੍ਹਾਂ ਵਰ੍ਹਿਆਂ ਦੌਰਾਨ, ਸਮੱਸਿਆ ਤੋਂ ਪ੍ਰਭਾਵਤ ਪੰਜਾਬੀ ਵਸੋਂ ਦੇ ਅੱਧੇ ਹਿੱਸੇ ਔਰਤਾਂ ਬਾਰੇ ਥੋੜ੍ਹਾ ਜਿੰਨਾ ਵੀ ਵਿਚਾਰ ਨਹੀਂ ਹੋਇਆ। ਜੇ ਉਨ੍ਹਾਂ ਦੀਆਂ ਸਮਾਜਕ, ਆਰਥਿਕ ਅਤੇ ਸਭਿਆਚਾਰਕ ਜੀਵਨ ਹਾਲਤਾਂ ਬਾਰੇ ਮਾੜਾ ਮੋਟਾ ਵਿਚਾਰ-ਵਟਾਂਦਰਾ ਕੀਤਾ ਗਿਆ ਵੀ ਹੋਵੇ, ਉਹ ਆਟੇ ਵਿਚ ਲੂਣ ਦੇ ਸਮਾਨ ਹੋਵੇਗਾ। ਦੇਖਿਆ ਜਾਵੇ ਤਾਂ ਇਹ ਸੁਭਾਵਿਕ ਵੀ ਲੱਗਦਾ ਹੈ, ਕਿਉਂਕਿ ਪੰਜਾਬ, ਭਾਰਤੀ ਮਰਦ ਪ੍ਰਧਾਨ ਸਮਾਜ ਦਾ ਹੀ ਇਕ ਅਟੁੱਟ ਅੰਗ ਹੈ ਜਿਸ ਵਿਚ ਔਰਤ ਨੂੰ ਹਕੀਕਤ ਵਿਚ ਹਮੇਸ਼ਾ ਹੀ ਮਰਦ ਤੋਂ ਹੀਣੀ ਸਮਝਿਆ ਜਾਂਦਾ ਹੈ, ਗੱਲੀਂ-

ਬਾਰੇ ਭਾਵੇਂ ਉਸ ਦੀ ਕਿੰਨੀ ਵੀ ਵਡਿਆਈ ਕੀਤੀ ਜਾਂਦੀ ਹੋਵੇ। ਇਸ ਲਈ ਸਾਡੇ ਲੇਖਕਾਂ ਅਤੇ ਪੱਤਰਕਾਰਾਂ ਦੀਆਂ ਨਜ਼ਰਾਂ ਵਿਚੋਂ ਸੁਤੇ-ਸਿਧ ਹੀ ਔਰਤਾਂ ਦਾ ਅਣ-ਗੌਲਿਆਂ ਲੰਘ ਜਾਣ ਅਨਹੋਣੀ ਨਹੀਂ ਹੈ।

ਪੰਜਾਬੀ (ਭਾਰਤੀ) ਔਰਤ ਸਦੀਆਂ ਤੋਂ ਹੀ ਸਾਡੇ ਗੈਰ-ਬਰਾਬਰੀ, ਪੱਖਪਾਤੀ ਅਤੇ ਅਨਿਆਂ ਉਪਰ ਉਸਰੇ ਸਮਾਜ ਵਿਚ ਲਤਾੜੀ ਜਾਂਦੀ ਰਹੀ ਹੈ। ਕੁੜੀ ਜੰਮਦਿਆਂ ਮਾਰ ਦੇਣਾ, ਉਸੇ ਨਾਲ ਖਾਣ ਪੀਣ ਪਹਿਨਣ ਵਿਚ ਵਿਤਕਰਾ ਕਰਨਾ, ਵਿਧਵਾ ਔਰਤ ਨੂੰ ਜਬਰਨ ਸਤੀ ਹੋਣ ਲਈ ਮਜ਼ਬੂਰ ਕਰਨਾ, ਦਾਜ ਦੀ ਖਾਤਰ ਸਾੜ ਦੇਣਾ ਅਤੇ ਹੁਣ ਲਿੰਗ ਟੈਸਟਾਂ ਦੀ ਆੜ ਹੇਠ ਅਣਜੰਮੀਆਂ ਧੀਆਂ ਨੂੰ ਗਰਭ ਅੰਦਰ ਕਤਲ ਕਰ ਦੇਣਾ ਸਾਡੇ ਸਮਾਜ ਦੀਆਂ ਅਤਿ ਘਿਨੌਉਣੀਆਂ ਬੁਰਾਈਆਂ ਹਨ। ਇਨ੍ਹਾਂ ਦੇ ਸਦੀਵੀ ਖਾਤਮੇ ਲਈ ਸਮਾਜ ਵਿਚ ਬੁਨਿਆਦੀ ਤਬਦੀਲੀ ਦੀ ਲੋੜ ਹੈ। ਆਰਥਿਕ ਅਤੇ ਸਮਾਜਿਕ ਰਿਸ਼ਤਿਆਂ ਦੀ ਮੁੜ ਸਿਰਜਣਾ ਦੇ ਨਾਲ ਸਭਿਆਚਾਰਕ ਵਿਗਾੜਾਂ ਨੂੰ ਦੂਰ ਕਰਨ ਦੀ ਲੋੜ ਹੈ। ਔਰਤ ਵਰਗ ਦੀਆਂ ਇਨ੍ਹਾਂ ਚਿਰ-ਸਥਾਈ ਸਮੱਸਿਆਵਾਂ ਤੋਂ ਇਲਾਵਾ ਪੰਜਾਬ ਸਮੱਸਿਆ ਦੇ ਪਿਛਲੇ ਦੁਖਦਾਈ ਵਰ੍ਹਿਆ ਨੇ ਔਰਤਾਂ ਲਈ ਮੁਸੀਬਤਾਂ ਦੇ ਅੰਜਿਹੇ ਪਹਾੜ ਖੜੇ ਕੀਤੇ ਹਨ, ਜਿਨ੍ਹਾਂ ਨੂੰ ਦਹਾਕਿਆਂ ਤਕ ਧਰਤੀ ਤੋਂ ਮੇਟਣਾ ਅਸੰਭਵ ਹੋਵੇਗਾ। ਪੰਜਾਬੀ ਔਰਤ ਇਸ ਵੇਲੇ ਜ਼ੁਲਮ ਜਬਰ ਦੀ ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸ ਰਹੀ ਹੈ ਇਕ ਪਾਸੇ ਦਹਿਸ਼ਤਗਰਦਾਂ ਦੀਆਂ ਚੀਨੀ ਰਾਈਫਲਾਂ ਹਨ, ਜੋ ਚਲਣ ਵੇਲੇ ਕਦੇ ਵੀ ਭਲੇ-ਬੁਰੇ ਦੀ ਪਛਾਣ ਨਹੀਂ ਕਰਦੀਆਂ ਅਤੇ ਦੂਜੇ ਪਾਸੇ ਖਾਕੀ ਡੰਡਾ ਹੈ, ਜੋ ਬੇਰਹਿਮੀ ਨਾਲ ਚੋਰ ਅਤੇ ਸਾਧ ਉਤੇ ਇਕੋ ਵੇਲੇ ਇਕ ਜਿੰਨਾ ਵਰ੍ਹਦਾ ਹੈ।

ਪੰਜਾਬ ਵਿਚ ਡੁਲ੍ਹੇ ਬੇਗੁਨਾਹਾਂ ਦੇ ਖੂਨ ਨਾਲ ਧਰਤੀ ਦਾ ਚੱਪਾ ਚੱਪਾ ਤਾਂ ਰੰਗਿਆ ਪਿਆ ਹੀ ਹੈ, ਪਰੰਤੂ ਜਿਨ੍ਹਾਂ ਔਰਤਾਂ ਦੇ ਹੋਣਹਾਰ ਪੁੱਤਾਂ, ਵੀਰਾਂ, ਪਤੀਆਂ ਦਾ ਇਹ ਖੂਨ ਡੁਲ੍ਹਿਆ ਹੈ, ਉਨ੍ਹਾਂ ਦੇ ਜ਼ਖਮਾਂ 'ਤੇ ਅੰਗੂਰ ਆਉਣਾ ਮੁਸ਼ਕਲ ਹੈ। ਉਹ ਜ਼ਖਮ ਤਾਂ ਆਖਰੀ ਸਾਹਾਂ ਤਕ ਰਿਸਦੇ ਹੀ ਰਹਿਣਗੇ। ਮਰਨ ਵਾਲੇ ਤਾਂ ਇਕ ਵਾਰ ਮਰ ਗਏ, ਪਰ ਉਨ੍ਹਾਂ ਦੇ ਸਬੰਧੀ ਹਰ ਘੜੀ, ਹਰ ਪਲ ਮਰਦੇ ਹਨ। ਜਿਹੜੇ ਦੁੱਧ ਚੁੰਘਦੇ ਬਾਲ ਦਾ ਪਿਓ ਸਵੇਰ ਦਾ ਘਰੋਂ ਗਿਆ ਸ਼ਾਮ ਨੂੰ ਘਰ ਨਹੀਂ ਪਰਤਿਆ, ਉਸ ਦਾ ਜੀਵਨ ਕੋਸ਼ ਵਿਚੋਂ 'ਪਾਪਾ' ਸ਼ਬਦ ਸਦਾ ਲਈ ਅਲੋਪ ਹੋ ਗਿਆ ਅਤੇ ਉਹਦੀ ਸੁੱਖਾਂ ਲੱਧੀ ਮਾਂ ਕੋਲੋਂ 'ਪਤੀ' ਸ਼ਬਦ ਉਮਰ ਭਰ ਲਈ ਰੁੱਸ ਗਿਆ। ਬੁੱਢੇ ਮਾਪਿਆਂ ਦੀ ਅਰਥੀ ਨੂੰ ਮੋਢਾ ਦੇਣ ਵਾਲਾ ਸਰੀਰ ਉਨ੍ਹਾਂ ਦੀ ਹੀ ਝੋਲੀ ਵਿਚ ਲੋਥ ਬਣ ਕੇ ਡਿੱਗ ਪਿਆ। ਗੱਲ ਕੀ, ਪੰਜਾਬ ਦਾ ਸਾਰਾ ਦਰਦ ਔਰਤ ਦੀ ਝੋਲੀ ਵਿਚ ਸਮਾ ਗਿਆ ਹੈ।

ਪੰਜਾਬ ਦੇ ਇਕ ਫਿਰਕੇ ਦੀ ਔਰਤ ਇਸ ਕਰਕੇ ਵਿਧਵਾ ਬਣਾ ਦਿਤੀ ਜਾਂਦੀ ਹੈ ਕਿ ਉਸ ਦਾ ਪੁੱਤ-ਪਤੀ ਭਰਾ ਹਿੰਦੂ ਹੈ। ਉਸ ਦਾ ਧਰਮ ਅਤੇ ਸ਼ਕਲ ਹਾਕਮਾਂ ਦੀ ਬਹੁ-ਗਿਣਤੀ ਨਾਲ ਮਿਲਦੀ ਹੈ। ਪੰਜਾਬ ਦੇ ਦੂਜੇ ਫਿਰਕੇ ਦੀ ਔਰਤ ਇਸ ਕਰਕੇ ਜ਼ੁਲਮ ਦਾ ਸ਼ਿਕਾਰ ਹੈ ਕਿ ਉਸ ਦਾ ਪੁੱਤ-ਪਤੀ-ਭਰਾ ਅੰਮ੍ਰਿਤਧਾਰੀ ਹੈ। ਸੁਰੱਖਿਆ ਦਸਤਿਆਂ ਹੱਥੋਂ ਆਪਣੇ ਗਲ਼ੀ ਗੁਆਂਢ ਦੇ ਹਾਣੀਆਂ ਦੀ ਦੁਰਦਸ਼ਾ ਅਤੇ ਪੁਲਿਸ ਮੁਕਾਬਲਿਆਂ ਤੋਂ ਡਰਦਾ ਉਹ ਘਰੋਂ ਦੌੜ ਗਿਆ ਹੈ। ਉਹ ਕਿਸੇ ਕਾਰਨ ਵੱਸ ਹੋ ਖਾੜਕੂਆਂ ਨਾਲ ਰਲ ਗਿਆ ਹੈ। ਕੀ ਇਸ ਸਭ ਕਾਸੇ ਲਈ ਇਨ੍ਹਾਂ ਦੋਵੇਂ ਤਰ੍ਹਾਂ ਦੀ ਮਾਰ ਸਹਿਣ ਵਾਲੀਆਂ ਔਰਤਾਂ ਜ਼ਿੰਮੇਵਾਰ ਹਨ? ਕਾਤਲਾਂ ਅਤੇ ਕਤਲ ਰੋਕਣ ਦਾ ਦਾਅਵਾ ਕਰਨ ਵਾਲਿਆਂ ਵਿਚੋਂ ਕਿਸੇ ਕੋਲ ਵੀ ਇਸ ਗੱਲ ਦਾ ਜਵਾਬ ਨਹੀਂ ਹੈ।

ਪੰਜਾਬ ਵਿਚ ਚਲੀ ਕਿਸੇ ਵੀ ਲਹਿਰ, ਭਾਵੇਂ ਉਹ ਲੋਕ-ਪੱਖੀ ਸੀ ਜਾਂ ਲੋਕ-ਵਿਰੋਧੀ, ਨੇ ਹਿੰਸਕ ਰੂਪ ਅਖ-ਤਿਆਰ ਕੀਤਾ ਹੈ।...ਪੁਰਾਣੇ ਸਮਿਆਂ ਵਿਚੋਂ ਹਮਲਾਵਰ ਧਾੜਵੀਆਂ ਨੇ ਇਥੋਂ ਦੀ ਧਨ ਦੌਲਤ ਹੀ ਨਹੀਂ ਲੁੱਟੀ, ਸਗੋਂ ਮਨੁੱਖੀ ਕਤਲਾਮ ਦੇ ਨਾਲੋ ਨਾਲ ਔਰਤਾਂ ਦੀ ਖੇਹ-ਖਰਾਬੀ ਕਰ ਕੇ ਉਨ੍ਹਾਂ ਨੂੰ ਉਧਾਲਿਆ ਵੀ। ਅੰਗਰੇਜ਼ ਹਕੂਮਤ ਦੌਰਾਨ ਆਜ਼ਾਦੀ ਲਈ ਲੜਨ ਵਾਲੇ ਸੱਚੇ ਦੇਸ਼ ਭਗਤਾਂ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਨੂੰ ਆਪਣੇ ਰਾਹ ਤੋਂ ਥਿੜਕਾਉਣ ਲਈ ਉਨ੍ਹਾਂ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਂਦਾ ਸੀ। ਉਸ ਵੇਲੇ ਹਕੂਮਤ ਦਾ ਇਹ ਜਬਰ ਸਮਝ ਵਿਚ ਆਉਂਦਾ ਹੈ, ਕਿਉਂਕਿ ਉਸ ਵਿਦੇਸ਼ੀ ਹਕੂਮਤ ਦੀ ਨੀਂਹ ਬੇਇਨਸਾਫ਼ੀ, ਜਬਰ, ਜ਼ੁਲਮ ਤੇ ਮਨੁੱਖੀ ਲੁੱਟ ਉਪਰ ਖੜ੍ਹੀ ਸੀ। ਅਜਿਹੇ ਸਾਰੇ ਮਨੁੱਖ ਵਿਰੋਧੀ ਰਾਜ ਪ੍ਰਬੰਧਾਂ ਦਾ ਖਾਤਮਾ ਕਰਨ ਤੇ ਆਜ਼ਾਦੀ ਲਈ ਪੰਜਾਬੀਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ। ਸਮੁੱਚੀ ਭਾਰਤੀ ਜਨਤਾ ਦੇ ਨਾਲ ਹੀ ਔਰਤ ਵਰਗ ਨੇ ਵ

ਸੁੱਖ ਦਾ ਸਾਹ ਲਿਆ ਕਿ ਹੁਣ ਕਾਲੇ ਦਿਨ ਦਾ ਅੰਤ ਹੋ ਗਿਆ ਹੈ, ਉਹ ਵੀ ਮਰਦਾਂ ਦੇ ਬਰਾਬਰ ਵੋਟ ਦੇਣ, ਲਿਖਣ, ਬੋਲਣ, ਘੁੰਮਣ, ਨੌਕਰੀ ਕਰਨ ਅਤੇ ਬਰਾਬਰ ਕੰਮ ਬਦਲੇ ਬਰਾਬਰ ਤਨਖ਼ਾਹ ਆਦਿ ਅਧਿਕਾਰ ਪ੍ਰਦਾਨ ਕਰ ਦਿਤੇ। ਪਰੰਤੂ ਬਿਆਲੀ ਵਰ੍ਹਿਆਂ ਬਾਅਦ ਵੀ ਇਹ ਅਫਸੋਸਨਾਕ ਪਹਿਲੂ ਹੈ ਕਿ ਔਰਤ ਦੀ ਆਜ਼ਾਦੀ ਦੀਆਂ ਗੱਲਾਂ ਸਿਰਫ ਕਾਗਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ, ਅਮਲ ਵਿਚ ਪੂਰੀਆਂ ਨਹੀਂ ਹੋ ਸਕੀਆਂ। ਤੱਤ ਰੂਪ ਵਿਚ ਪੰਜਾਬੀ (ਭਾਰਤੀ) ਔਰਤ ਅੱਜ ਵੀ ਆਜ਼ਾਦੀ ਲਈ ਉਵੇਂ ਸਹਿਕਦੀ ਹੈ, ਜਿਵੇਂ ਸਦੀਆਂ ਪਹਿਲਾਂ ਸਹਿਕਦੀ ਸੀ। ਦੇਖਣ ਵਿਚ ਔਰਤ ਨੂੰ ਮਿਲੀ ਆਜ਼ਾਦੀ ਸਤਹੀ ਹੈ। ਇਹ ਆਜ਼ਾਦੀ ਉੱਨੀ ਕੁ ਹੈ ਜਿੰਨੀ ਕੁ ਮਰਦ ਪ੍ਰਧਾਨ ਸਮਾਜ ਦੇ ਮੌਜੂਦਾ ਸਮਾਜਕ ਵਿਕਾਸ ਦੇ ਸੂਤ ਬੈਠਦੀ ਹੈ।

ਪੰਜਾਬ ਵਿਚ ਜਦ ਤੋਂ ਖਾੜਕੂ ਲਹਿਰ ਨੇ ਜ਼ੋਰ ਫੜਿਆ ਹੈ, ਪੰਜਾਬੀ ਔਰਤ ਉਦੋਂ ਤੋਂ ਹੀ ਹਕੂਮਤੀ ਜਬਰ ਦੀ ਮਾਰ ਹੇਠ ਆਈ ਹੋਈ ਹੈ। ਸਰਕਾਰ ਦੀਆਂ ਨਜ਼ਰਾਂ ਵਿਚ ਭਗੌੜੇ ਹੋਏ ਕਿਸੇ ਵੀ ਕਥਿਤ ਮੁਲਜ਼ਮ ਦਾ ਅਤਾ ਪਤਾ ਲੱਭਣ ਲਈ ਪੁਲਿਸ ਅਤੇ ਹੋਰ ਸੁਰੱਖਿਆ ਅਧਿਕਾਰੀ ਸਭ ਤੋਂ ਪਹਿਲਾਂ ਸਬੰਧਤ ਬੰਦੇ ਦੀਆਂ ਔਰਤ ਰਿਸ਼ਤੇਦਾਰਾਂ ਦੀ ਪੁੱਛ ਪੜਤਾਲ ਕਰਦੇ ਹਨ। ਪਰਿਵਾਰ ਦੇ ਮਰਦ ਮੈਂਬਰ ਤਾਂ ਪੁਲਿਸ ਦੀ ਬਿੜਕ ਲੈਂਦਿਆਂ ਹੀ ਉਥੋਂ ਪਰ੍ਹਾਂ ਹੋ ਜਾਂਦੇ ਹਨ, ਪਰੰਤੂ ਔਰਤਾਂ ਕਿਧਰ ਜਾਣ? ਉਨ੍ਹਾਂ ਨੂੰ ਤਾਂ ਘਰ ਰਹਿਣਾ ਹੀ ਪੈਣਾ ਹੈ। ਅਮਨ ਕਾਨੂੰਨ ਦੇ ਰਖਿਆਂ ਦਾ ਪਹਿਲਾਂ ਸ਼ਿਕਾਰ ਔਰਤਾਂ ਬਣਦੀਆਂ ਹਨ। ਔਰਤਾਂ ਦਾ ਕਥਿਤ ਮੁਲਜ਼ਮ ਨਾਲ ਜਿੰਨਾ ਵੱਧ ਨੇੜੇ ਦਾ ਰਿਸ਼ਤਾ ਹੋਵੇਗਾ, ਉਨਾਂ ਵਧੇਰੇ ਉਸ ਨੂੰ ਜ਼ਲੀਲ ਕੀਤਾ ਜਾਂਦਾ ਹੈ। ਆਮ ਕਰਕੇ ਉਸ ਨੂੰ ਭਰੀ ਸੱਥ ਵਿਚ ਗੰਦੀਆਂ ਗਾਲ੍ਹਾਂ, ਕੁੱਟਮਾਰ ਅਤੇ ਲੋਕਾਂ ਸਾਹਮਣੇ ਨੰਗਾ ਕਰਨ ਤੋਂ ਲੈ ਕੇ ਵੱਖ ਵੱਖ ਰੂਪ ਹਨ। ਕਿਸੇ ਸਭਿਆ ਸਮਾਜ ਵਿਚ ਔਰਤਾਂ ਨਾਲ ਅਜਿਹਾ ਵਰਤਾਉ ਕਰਨਾ ਕੀ ਸ਼ੋਭਾ ਦਿੰਦਾ ਹੈ, ਜਦੋਂ ਕਿ ਔਰਤਾਂ ਦਾ ਭੋਰਾ ਭਰ ਵੀ ਕਸੂਰ ਨਾ ਹੋਵੇ। ਜੇ ਉਸ ਦਾ ਕਸੂਰ ਹੋਵੇ ਵੀ ਤਾਂ ਕੀ ਸੁਰੱਖਿਆ ਦਸਤਿਆਂ ਨੂੰ ਕਿਸੇ ਨਿਆਂਕਾਰ ਦੀ ਹੈਸੀਅਤ ਵਿਚ ਉਨ੍ਹਾਂ ਨੂੰ ਸਜ਼ਾ ਦੇਣ ਦਾ ਅਧਿਕਾਰ ਹੈ? ਕਿਸੇ ਮਰਦ ਦੇ ਕਸੂਰ ਬਦਲੇ ਔਰਤ ਨੂੰ ਹੀ ਨਿਸ਼ਾਨਾ ਕਿਉਂ ਬਣਾਇਆ ਜਾਂਦਾ ਹੈ? ਸ਼ਾਇਦ ਇਸ ਦਾ ਕਾਰਨ ਹੈ ਕਿ ਸਮਾਜ ਨੇ ਹਾਲੇ ਤਕ ਔਰਤ ਨੂੰ ਇਨਸਾਨ ਸਮਝਣਾ ਸ਼ੁਰੂ ਨਹੀਂ ਕੀਤਾ। ਮਰਦ ਪ੍ਰਧਾਨ ਸਮਾਜ ਵਿਚ ਅਜੇ ਵੀ ਔਰਤ ਨੂੰ 'ਪੈਰ ਦੀ ਜੁੱਤੀ', 'ਗਿੱਚੀ ਪਿਛੇ ਮੱਤ ਵਾਲੀ' ਅਤੇ 'ਭੋਗ ਦੀ ਵਸਤੂ' ਹੀ ਸਮਝਿਆ ਜਾਂਦਾ ਹੈ। ਮਰਦ ਦੇ ਕਬਜ਼ੇ ਹੇਠਲੀਆਂ ਹੋਰ ਵਸਤਾਂ ਵਾਂਗ ਔਰਤ ਵੀ ਇਕ ਜਾਇਦਾਦ ਸਮਝੀ ਜਾਂਦੀ ਹੈ ਜਿਸ ਦੀ ਰਾਖੀ ਅਤੇ ਦੇਖ-ਭਾਲ ਕਰਨਾ ਮਰਦ ਦੀ ਜ਼ਿੰਮੇਵਾਰੀ ਹੁੰਦੀ ਹੈ। ਬਚਪਨ ਵਿਚ ਉਹ ਪਿਉ ਦੇ, ਜਵਾਨੀ ਵਿਚ ਪਤੀ ਦੇ ਬੁਢਾਪੇ ਵੇਲੇ ਪੁੱਤ ਦੇ ਰਹਿਮ 'ਤੇ ਜਿਊਂਦੀ ਹੈ। ਇਸ ਲਈ ਔਰਤ ਇਕ ਅਜਿਹੀ 'ਕੀਮਤੀ ਜਾਇਦਾਦ' ਹੈ ਜਿਸ ਉਪਰ ਕਬਜ਼ਾ ਜਮਾਉਣ ਲਈ ਮਰਦ ਸਭ ਤੋਂ ਵੱਧ ਚਿੰਤਤ ਰਹਿੰਦਾ ਹੈ। ਬਿਗਾਨੇ ਹਥੋਂ ਉਸ ਦੀ ਇੱਜ਼ਤ ਬਚਾਉਣ ਅਤੇ ਰਾਖੀ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੰਦੀ ਹੈ। ਇਸ ਲਈ ਕਿਸੇ ਵੀ ਮਰਦ ਨੂੰ ਝੁਕਾਉਣ ਲਈ, ਉਕਸਾਉਣ ਲਈ, ਬਦਲਾ ਲੈਣ ਲਈ ਅਤੇ ਉਸ ਨੂੰ ਮਾਨਸਿਕ ਤੌਰ 'ਤੇ ਸੱਟ ਮਾਰਨ ਲਈ ਵਿਰੋਧੀ ਵਲੋਂ ਉਸ ਦੀ ਮਾਂ-ਭੈਣ-ਪਤਨੀ ਨੂੰ ਨਿਸ਼ਾਨਾ ਬਣਾਇਆ ਜਾਦਾ ਹੈ। ਸ਼ਾਇਦ ਇਸੇ ਲਈ ਸੁਰੱਖਿਆ ਦਸਤੇ ਕਥਿਤ ਅਤਿਵਾਦੀਆਂ ਨੂੰ ਝੁਕਾਉਣ ਲਈ ਉਨ੍ਹਾਂ ਦੀਆਂ ਔਰਤਾਂ ਨਾਲ ਇਹੋ ਜਿਹਾ ਦੁਰ-ਵਿਹਾਰ ਕਰਨ ਦਾ ਹੱਥ ਕੰਢਾ ਵਰਤਦੇ ਹਨ। ਹੋਰ ਕੁਝ ਵੀ ਹੋਵੇ ਇਹ ਸਭ ਕੁਝ "ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਮੱਥੇ 'ਤੇ ਕਲੰਕ ਦਾ ਟਿੱਕਾ ਹੀ ਕਿਹਾ ਜਾ ਸਕਦਾ ਹੈ।"

ਪੰਜਾਬ ਦੇ ਖਾੜਕੂ ਸਿੱਖ ਜਨਤਾ ਦੇ ਹਿਤੈਸ਼ੀ ਨਾ ਹੁੰਦੇ ਹੋਏ ਵੀ ਕੁਝ ਹੱਦ ਤਕ ਸਿੱਖ ਜਨਤਾ ਦੀ ਹਮਦਰਦੀ ਜਿੱਤਣ ਵਿਚ ਕਾਮਯਾਬ ਹੋ ਗਏ ਸਨ। ਕਾਰਨ ਇਹ ਸੀ ਕਿ ਉਨ੍ਹਾਂ ਨੇ ਆਮ ਲੋਕਾਂ ਖਾਸ ਕਰਕੇ ਔਰਤਾਂ ਦੀਆਂ ਹਕੂਮਤੀ ਮਸ਼ੀਨਰੀ ਹਥੋਂ ਹੋਈਆਂ ਬੇਪਤੀਆਂ ਨੂੰ ਬਾਖੂਬੀ ਵਰਤਿਆ ਸੀ। ਸ਼ੁਰੂ ਵਿਚ ਉਹ ਸਿੱਖ ਜਨਤਾ ਦੇ 'ਮੁਕਤੀ ਦਾਤੇ' ਹੋਣ ਦਾ ਭਰਮ ਪੈਦਾ ਕਰਨ ਵਿਚ ਵੀ ਕੁਝ ਹੱਦ ਤਕ ਸਫਲ ਰਹੇ ਸਨ। ਇਸ ਵੇਲੇ ਜੇ ਉਨ੍ਹਾਂ ਨੂੰ ਪਛਾੜਾਂ ਹੋ ਰਹੀਆਂ ਹਨ ਤਾਂ ਇਹ ਹਕੂਮਤ ਦੀ ਸਫਲਤਾ ਦੀ ਨਿਸ਼ਾਨੀ ਨਹੀਂ ਹੈ, ਸਗੋਂ ਇਹ ਉਨ੍ਹਾਂ ਦੇ ਮਨੁੱਖਤਾ ਵਿਰੋਧੀ ਕਾਰਨਾਮਿਆਂ ਦੇ ਪ੍ਰਤੀਕਰਮ ਵਜੋਂ ਜਨਤਾ ਵਿਚ ਉਭਰ ਰਹੀ ਮਨੁੱਖਵਾਦੀ ਜਮਹੂਰੀ ਚੇਤਨਾ ਕਰਕੇ ਹੈ। ਇਸ ਦੇ ਸਿੱਟੇ ਵਜੋਂ ਦਹਿਸ਼ਤਗਰਦੀ ਦਾ ਜਨਤਕ ਵਿਰੋਧ ਵੱਧ ਰਿਹਾ ਹੈ। ਅੱਜ ਤਕ ਜੇ ਦਹਿਸ਼ਤਗਰਦੀ ਜਾਰੀ ਹੈ ਤਾਂ ਇਸ ਦਾ ਕਾਰਨ ਹੈ ਕਿ ਹਕੂਮਤੀ ਮਸ਼ੀਨਰੀ ਹਥੋਂ ਆਮ ਜਨਤਾ ਨੂੰ ਬੇਲੋੜੀ ਪ੍ਰੇਸ਼ਾਨੀ ਦਾ ਸ਼ਿਕਾਰ ਹੋਣਾ ਪੈਂਦਾ

ਹੈ। ਇਸ ਵਰਤਾਰੇ ਤੋਂ ਪ੍ਰਭਾਵਤ ਜਨਤਾ ਖਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਦੇ ਲੋਕ ਹਾਲੇ ਵੀ ਖਾੜਕੂਆਂ ਨੂੰ ਸੁਰੱਖਿਆ ਦਸਤਿਆਂ ਨਾਲੋਂ ਆਪਣੇ ਨੇੜੇ ਸਮਝਦੇ ਹਨ। ਖਾੜਕੂਆਂ ਦਾ ਥਹੁ ਟਿਕਾਣਾ ਜਾਣਦੇ ਹੋਏ ਵੀ ਉਹ ਬਹੁਤ ਵਾਰ ਸੁਰੱਖਿਆ ਦਸਤਿਆਂ ਨੂੰ ਭੇਦ ਨਹੀਂ ਦਿੰਦੇ। ਇਸ ਦਾ ਕਾਰਨ ਇਹ ਨਹੀਂ ਕਿ ਉਨ੍ਹਾਂ ਨੂੰ ਖਾੜਕੂਆਂ ਨਾਲ ਬਹੁਤਾ ਹੀ ਮੋਹ ਹੈ, ਸਗੋਂ ਇਹ ਹੈ ਕਿ ਸੁਰੱਖਿਆ ਦਸਤੇ ਆਪਣੀ ਵਿਸ਼ਵਾਸ ਯੋਗਤਾ ਗੁਆ ਚੁਕੇ ਹਨ, ਕਿਉਂਕਿ ਉਨ੍ਹਾਂ ਨੇ ਲੋਕਾਂ ਦੇ ਸਹਿਯੋਗ ਨਾਲ ਲੋਕਾਂ ਦੇ ਸਾਹਮਣੇ ਗ੍ਰਿਫਤਾਰ ਕੀਤੇ ਖਾੜਕੂਆਂ ਨੂੰ ਵੀ ਕਿਸੇ ਨਾ ਕਿਸੇ ਬਹਾਨੇ ਮੁਕਾਬਲੇ ਵਿਚ ਮਾਰ ਦਿੱਤਾ ਸੀ। ਇਸ ਵਰਤਾਰੇ ਨੇ ਪੇਂਡੂ ਖਾਸ ਕਰਕੇ ਕਿਸਾਨ ਔਰਤਂ ਉਪਰ ਮਾੜਾ ਪ੍ਰਭਾਵ ਪਾਇਆ ਹੈ। ਔਰਤ ਬੁਨਿਆਦੀ ਤੌਰ ਤੇ ਸਭ ਤੋਂ ਪਹਿਲਾਂ ਮਾਂ ਹੁੰਦੀ ਹੈ। ਇਸ ਲਈ ਕੋਈ ਵੀ ਮਾਂ ਨਹੀਂ ਚਾਹੇਗੀ ਕਿ ਉਸ ਦੇ ਕਾਰਨ ਕਿਸੇ ਦੇ ਪੁੱਤ ਦੀ ਹੱਤਿਆ ਹੋ ਜਾਵੇ। ਇਸ ਦਾ ਦੂਜਾ ਪੱਖ ਵੀ ਘੱਟ ਮਹੱਤਵਪੂਰਣ ਨਹੀਂ ਹੈ। ਕੋਈ ਵੀ ਔਰਤ ਨਹੀਂ ਚਾਹੁੰਦੀ ਕਿ ਉਹ ਵਿਧਵਾ ਜਾਂ ਪੁਤ-ਵਿਹੂਣੀ ਹੋ ਜਾਵੇ।

ਪੰਜਾਬ ਵਿਚਲੀ ਖਾੜਕੂ ਲਹਿਰ ਦਾ ਡੂੰਘਾਈ ਨਾਲ ਅਧਿਐਨ ਕੀਤਾ ਜਾਵੇ ਤਾਂ ਇਸ ਦੀ ਤੋਰ ਨੂੰ ਨਿਰੰਤਰ ਰੱਖਣ ਵਿਚ ਔਰਤ ਦਾ ਕਾਫੀ ਯੋਗਦਾਨ ਹੈ। ਖਾੜਕੂਆਂ ਨੂੰ ਪਨਾਹ ਦੇਣ, ਲੁਕਾਉਣ, ਉਸ ਲਈ ਰੋਟੀ ਟੁੱਕ ਦਾ ਇੰਤਜ਼ਾਮ ਕਰਨ ਅਤੇ ਹਥਿਆਰਾਂ ਤੇ ਸੁਨੇਹਿਆਂ ਲਈ ਇਧਰ ਉਧਰ ਪਹੁੰਚਾਉਣ ਲਈ ਔਰਤਾਂ ਕਾਫੀ ਸਹਾਈ ਹੁੰਦੀਆਂ ਰਹੀਆਂ ਹਨ। ਇਸ ਦੀ ਸਰਕਾਰੀ ਰਿਪੋਰਟਾਂ ਵੀ ਪੁਸ਼ਟੀ ਕਰ ਚੁੱਕੀਆਂ ਹਨ। ਇਸ ਤੱਥ ਤੋਂ ਇਹ ਸਿੱਟਾ ਕੱਢਣਾ ਉਚਿਤ ਨਹੀਂ ਹੋਵੇਗਾ ਕਿ ਸਾਰੀਆਂ ਹੀ ਸਿੱਖ ਔਰਤਾਂ ਸੱਚਮੁੱਚ ਹੀ ਦਹਿਸ਼ਤਗਰਦਾਂ ਦੀ ਪਦਾਰਥਕ ਜਾਂ ਇਖਲਾਕੀ ਹਮਾਇਤ ਕਰਦੀਆਂ ਹਨ। ਸੱਚ ਤਾਂ ਇਹ ਹੈ ਕਿ ਹਕੂਮਤ ਦੀਆਂ ਗਲਤ ਨੀਤੀਆਂ ਨੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਕੀਤਾ ਹੈ। ਹਕੂਮਤ ਨੇ ਪੰਜਾਬ ਸਮੱਸਿਆ ਜੋ ਮੁੱਖ ਰੂਪ ਵਿਚ ਕਿਸਾਨ ਸਮੱਸਿਆ ਹੈ, ਨੂੰ ਹੱਲ ਕਰਨ ਲਈ ਉਕਾ ਹੀ ਯਤਨ ਨਹੀਂ ਕੀ:ਾ। ਪੰਜਾਬ ਦੀ ਕਿਸਾਨੀ ਅਤੇ ਖੇਤ ਮਜ਼ਦੂਰ ਡੂੰਘੇ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਨ। ਇਸ ਸੰਕਟ ਵਿਚੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਨੂੰ ਕੋਈ ਰਾਹ ਨਹੀਂ ਲੱਭਦਾ।

ਇਸ ਸੰਕਟ ਦਾ ਸਭ ਤੋਂ ਵੱਧ ਸ਼ਿਕਾਰ ਔਰਤ ਹੈ, ਕਿਉਂ ਕਿ ਉਹ ਚੁਲ੍ਹੇ ਦੀ 'ਮਾਲਕ' ਹੈ।......ਕੁਦਰਤੀ ਆਫਤਾਂ, ਪਹਿਲਾਂ ਸੋਕੇ ਅਤੇ ਹੁਣ ਡੋਬੇ, ਨੇ ਇਸ ਸੰਕਟ ਨੂੰ ਹੋਰ ਵਧਾ ਦਿੱਤਾ ਹੈ। ਇਨ੍ਹਾਂ ਮੁਸ਼ਕਿਲਾਂ ਦੇ ਭਾਰ ਹੇਠ ਪੰਜਾਬੀ ਔਰਤ ਜ਼ਿਆਦਾ ਪਿਸ ਰਹੀ ਹੈ, ਕਿਉਂਕਿ ਉਹ 'ਘਰ ਦੀ ਮਾਲਕਣ' ਹੈ। ——

ਕਹਾਣੀ

## ਇੰਤਜ਼ਾਮ/ਲੇਖਕ : ਗੁਰਮੇਲ ਮਡਾਹੜ

"ਮਾਹਰਾਜ ਹਜ਼ੂਰ ਦੀ ਜੈ..." ਦੇਸ਼ ਦੇ ਰਾਜ਼ੇ ਦੇ ਨਿਜੀ ਸਕੱਤਰ ਨੇ ਇਹ ਕਹਿੰਦਿਆਂ ਜਦ ਝੁਕ ਕੇ ਸਲਾਮ ਕੀਤੀ ਸੀ ਤਾਂ ਉਸ ਵਕਤ ਉਹ ਵੀ. ਸੀ. ਆਰ. ਤੇ ਕੋਈ ਅੰਗਰੇਜ਼ੀ ਫਿਲਮ ਦੇਖ ਰਿਹਾ ਸੀ। ਉਸ ਦੀ ਬਗਲ ਵਿਚ ਉਸ ਦੀ ਮਹਾਰਾਣੀ ਉਸ ਦੇ ਸਿਰ ਹੇਠਾਂ ਇਕ ਬਾਂਹ ਦੇਈ ਪਈ ਸੀ। ਨਾਲੇ ਦੂਜੇ ਹੱਥ ਨਾਲ ਪੋਲੇ ਪੋਲੇ ਉਸ ਦੇ ਸਿਰ ਦੇ ਵਾਲਾਂ ਵਿਚ ਕੰਘੀ ਵੀ ਕਰੀ ਜਾ ਰਹੀ ਸੀ ਤੇ ਕਦੇ ਕਦੇ ਸਿਰ ਵਿਚਲੇ ਗੰਜ ਤੇ ਖੁਰਕ ਵੀ ਕਰ ਦੇਂਦੀ ਸੀ।

"ਕਿਆ ਬਾਤ ਹੈ ਬਈ ਬੜੇ ਘਬਰਾਏ ਹੁਏ ਹੋ ?" ਰਾਜੇ ਨੇ ਟੈਲੀਵੀਜ਼ਨ ਤੋਂ ਨਿਗਾਹ ਹਟਾ ਕੇ ਨਿੱਜੀ ਸਕੱਤਰ ਦੇ ਉਤਾਰੇ ਹੋਏ ਚਿਹਰੇ ਵਲ ਦੇਖਦਿਆਂ ਪੁਛਿਆ।

"ਘਬਰਾਉਣ ਵਾਲੀ ਹੀ ਤਾਂ ਗੱਲ ਹੈ ਮਹਾਰਾਜ ਹਜ਼ੂਰ...ਉਤਰੀ ਪ੍ਰਾਂਤ ਤੋਂ ਹਜ਼ਾਰਾਂ ਲੋਕ ਆਪ ਨੂੰ ਮਿਲਣ ਆਏ ਹਨ।"

"ਕਿਆ ਕਹਤੇ ਹੈਂ ?"

"ਕਹਿੰਦੇ ਨੇ ਮਹਾਰਾਜ ਸਾਡੇ ਸੂਬੇ ਵਿਚ ਹੜ੍ਹ ਆ ਗਿਆ ਹੈ...ਗਲੀਆਂ ਬਜ਼ਾਰਾਂ ਘਰਾਂ ਤੇ ਖੇਤਾਂ ਵਿਚ ਤਿੰਨ ਫੁੱਟ ਤੋਂ ਲੈ ਕੇ ਦਸ ਫੁੱਟ ਤਕ ਪਾਣੀ ਫਿਰ ਰਿਹਾ ਹੈ। ਦਰਿਆਵਾਂ ਦੇ ਪਾਣੀ ਖਤਰੇ ਦੇ ਨਿਸ਼ਾਨਾਂ ਤੋਂ ਪੰਜ-ਪੰਜ ਛੇ-ਛੇ ਫੁੱਟ ਉਤੇ ਚੱਲ ਰਹੇ ਹਨ। ਉਹ ਇਹ

ਵੀ ਕਹਿ ਰਹੇ ਹਨ ਕਿ ਜਿਹੜਾ ਹਜ਼ੂਰ ਦੇ ਨਾਨਾ ਜੀ ਮਹਾਰਾਜ ਵੇਲੇ ਬਿਜਲੀ ਪੈਦਾ ਕਰਨ ਲਈ ਪਹਾੜਾਂ ਦੇ ਦੇ ਸਿਰੇ ਤੇ ਦਰਿਆ ਦੇ ਪਾਣੀ ਨੂੰ ਬੰਨ੍ਹ ਮਾਰ ਕੇ ਪਾਣੀ ਇਕੱਠਾ ਕੀਤਾ ਗਿਆ ਸੀ, ਉਸ ਵਿਚ ਸਰਕਾਰੀ ਖ਼ਬਰਾਂ ਅਨੁਸਾਰ ਪਾਣੀ ਇੰਨਾਂ ਇਕੱਠਾ ਹੋ ਗਿਆ ਹੈ ਕਿ ਖਤਰੇ ਦੇ ਨਿਸ਼ਾਨ ਤੋਂ ਚਾਰ ਫੁੱਟ ਟੱਪ ਗਿਆ ਹੈ। ਤੇ ਹੋਰ ਟੱਪ ਰਿਹਾ ਹੈ। ਉਹ ਇਹ ਦੋਸ਼ ਵੀ ਲਾ ਰਹੇ ਹਨ ਕਿ ਇਸ ਡੈਮ ਦੇ ਮੁੱਖੀਆਂ ਨੇ ਬਗੈਰ ਕੋਈ ਸੂਚਨਾ ਦਿਤੇ ਦਰਿਆ ਵਿਚ ਪਾਣੀ ਛੱਡ ਦਿਤਾ ਹੈ, ਜਿਸ ਕਰ ਕੇ ਹੜ੍ਹ ਆ ਗਿਆ ਹੈ। ਅਸੀਂ ਬਰਬਾਦ ਹੋ ਗਏ ਹਾਂ। ਸਾਡਾ ਘਰ ਘਾਟ, ਡੰਗਰ ਪਸ਼ੂ ਸਭ ਖਤਮ ਹੋ ਗਿਆ ਹੈ। ਫਸਲਾਂ ਉਜੜ ਗਈਆਂ ਹਨ। ਅਨਾਜ-ਘਰਾਂ ਵਿਚ ਪਾਣੀ ਵੜ ਜਾਣ ਕਰ ਕੇ ਅਨਾਜ ਗਲ ਚੁਕਿਆ ਹੈ। ਜੇ ਇਹ ਡੈਮ ਦਾ ਬੰਨ੍ਹ ਟੁਟ ਗਿਆ ਜਾਂ ਦਰਿਆਵਾਂ ਵਿਚ ਪਾਣੀ ਇਸੇ ਰਫ਼ਤਾਰ ਨਾਲ ਵੱਧਦਾ ਗਿਆ ਤਾਂ..."

"ਠੀਕ ਹੈ ਤੁਮ ਚਲ ਕਰ ਉਨਕੋ ਰੋਕੋ ਹਮ ਆਤੇ ਹੈਂ ਹਮਾਰੇ ਸੁਰੱਖਿਆ ਪ੍ਰਬੰਧ ਔਰ ਮਜ਼ਬੂਤ ਕਰ ਦੇਨਾ .."

"ਬਹੁਤ ਅੱਛਾ ਹਜ਼ੂਰ..." ਕਹਿੰਦਿਆਂ ਨਿੱਜੀ ਸਕੱਤਰ ਨੇ ਫੇਰ ਝੁਕ ਕੇ ਸਲਾਮ ਕੀਤੀ। ਬਾਹਰ ਦੇਖਿਆ। ਭੀੜ ਹੋਰ ਇਕੱਠੀ ਹੋ ਗਈ ਸੀ। ਨਾਹਰੇ ਤੇ ਨਾਹਰੇ ਵਜ ਰਹੇ ਸੀ। ਸੁਰੱਖਿਆ ਦਸਤੇ ਉਹਨਾਂ ਨੂੰ ਲਾਠੀਆਂ ਨਾਲ ਮਹਿਲ ਵਲ ਵਧਣੋਂ ਰੋਕ ਰਹੇ ਸੀ।

"ਠਹਿਰੋ ..ਬਈ ਚੁੱਪ ਕਰੋ...ਸੁਨੋ..." ਨਿੱਜੀ ਸਕੱਤਰ ਸਪੀਕਰ ਰਾਹੀਂ ਭੀੜ ਨੂੰ ਲਗਭਗ ਚੀਕਦਿਆਂ ਵਾਂਗ ਸੰਬੋਧਨ ਹੋਇਆ। ਇਕ ਪਲ ਲਈ ਸ਼ੋਰ ਮੱਠਾ ਪੈ ਗਿਆ। ਹਿੱਲਜੁਲ ਬੰਦ ਹੋ ਗਈ।

"ਮੈਂ ਮਹਾਰਾਜ ਹਜ਼ੂਰ ਨਾਲ ਗੱਲ ਕਰ ਆਇਆ ਹਾਂ। ਉਹ ਹੁਣੇ ਹੀ ਤੁਹਾਡੇ ਸਨਮੁਖ ਹੋ ਕੇ ਗੱਲਬਾਤ ਕਰਨਗੇ।" ਨਿੱਜੀ ਸਕੱਤਰ ਨੇ ਭੀੜ ਨੂੰ ਸੂਚਿਤ ਕੀਤਾ।

"ਅਸੀਂ ਗੱਲਾਂ ਮਾਰਨ ਨਹੀਂ ਸਗੋਂ ਹੜ੍ਹਾਂ ਦੇ ਰੋਕਣ ਦਾ ਇੰਤਜ਼ਾਮ ਕਰਾਉਣ ਲਈ ਆਏ ਹਾਂ ਭੀੜ ਚੀਕੀ।"

"ਇੰਤਜ਼ਾਮ ਵੀ ਤਾਂ ਗੱਲਬਾਤ ਕਰਨ ਤੋਂ ਮਗਰੋਂ ਹੀ ਹੋਣਾ ਹੈ।"

"ਪਰ ਅਸੀਂ ਗੱਲਾਬਾਤਾਂ ਵਿਚ ਸਮਾਂ ਬਰਬਾਦ ਨਹੀਂ ਕਰਨਾ ਚਾਹੁੰਦੇ...ਹੜ੍ਹ ਦਾ ਛੇਤੀ ਇੰਤਜ਼ਾਮ ਹੋਣਾ ਚਾਹੀਦਾ ਹੈ।"

ਬਈ ਹੋਗਾ...ਜ਼ਰੂਰ ਹੋਗਾ" ਭੀੜ ਨੂੰ ਦੇਸ਼ ਦੇ ਰਾਜੇ ਦੀ ਆਵਾਜ਼ ਸੁਣਾਈ ਦਿੱਤੀ। ਲੋਕਾਂ ਨੇ ਨਜ਼ਰਾਂ ਉਠਾ ਕੇ ਦੇਖਿਆ। ਮਹਿਲ ਤੇ ਮਹਾਰਾਜ ਹਜ਼ੂਰ ਖੜੇ, ਲੋਕਾਂ ਨੂੰ ਬੈਠਣ ਦਾ ਇਸ਼ਾਰਾ ਕਰ ਰਹੇ ਸੀ। ਇਸ਼ਾਰਾ ਪਾਉਂਦਿਆਂ ਹੀ ਲੋਕ ਆਪੋ ਆਪਣੀ ਥਾਂ ਤੇ ਬੈਠਣ ਲੱਗ ਪਏ।

"ਭਾਈਓ ਔਰ ਬੈਹਨੋ (ਜਨਾਨੀ ਕੋਈ ਨਹੀਂ ਸੀ) ਹਮੇਂ ਮਾਲੂਮ ਹੈ ਆਪ ਯਹਾਂ ਕਿਸ ਲੀਏ ਆਏ ਹੈਂ ਹਮਾਰੇ ਸਕੱਤਰ ਨੇ ਅਭੀ ਬਤਾਇਆ ਹੈ ਕਿ ਆਪਕਾ ਕਹਿਨਾ ਹੈ ਕਿ ਆਪਕੇ ਸੂਬੇ ਮੇਂ ਬਾੜ ਕਾ ਪਾਨੀ ਬਹੁਤ ਬੜ ਗਿਆ ਹੈ..."

"ਅਸ਼ਕੇ ਤੁਹਾਡੀ ਇੰਟੈਲੀਜੈਂਸੀ ਦੇ" ਭੀੜ ਵਿਚੋਂ ਅਵਾਜ਼ਾਂ ਆਈਆਂ ਹਨ।

"ਜੇ ਇਹਨਾਂ ਦੀ ਕੋਈ ਇੰਟੈਲੀਜੈਂਸੀ ਹੁੰਦੀ ਤਾਂ ਇਹਦੀ ਮਾਂ ਦਾ ਕਤਲ ਹੀ ਕਿਉਂ ਹੁੰਦਾ ?"

"ਮੇਰਾ ਤਾਂ ਮਾਰੇ ਸ਼ਰਮ ਦੇ ਚੂਲੀ ਭਰ ਪਾਣੀ ਵਿਚ ਨੱਕ ਡੁਬੋ ਕੇ ਮਰਨ ਨੂੰ ਜੀ ਕਰਦੈ।"

"ਫਿਕਰ ਨਾ ਕਰ ਹੁਣ ਤੈਨੂੰ ਪਾਣੀ ਲੈਣ ਲਈ ਦੂਰ ਨਹੀਂ ਜਾਣਾ ਪਵੇਗਾ, ਥੋੜ੍ਹਾ ਸਿਰ ਨੀਵਾਂ ਕਰਨ ਦੀ ਲੋੜ ਹੈ ਹੜ੍ਹ ਦਾ ਪਾਨੀ ਏਨਾ ਚੜ੍ਹ ਗਿਆ ਹੈ।"

"ਪਰ ਤੈਨੂੰ ਸ਼ਰਮ ਕਾਹਦੀ...ਤੈਂ ਕਿਹੜਾ ਕੋਈ ਮਾੜਾ ਕੰਮ ਕੀਤੈ ਕਿ ਆਤਮ ਹੱਤਿਆ ਕਰਦਾ ਫਿਰੇਂ..."

"ਮੈਨੂੰ ਮੇਰੇ ਯਾਰ ਦਾ ਦੁੱਖ ਏਸ ਗੱਲ ਦਾ ਹੈ ਕਿ ਮੈਂ ਦੇਸ਼ ਵਿਚ ਰਹਿ ਰਿਹਾਂ ਜਿਸ ਦੇਸ਼ ਦਾ ਇਕ ਰਾਜਾ ਆਪਣਾ ਹੀ ਮੂਤ ਪੀ ਕੇ ਪ੍ਰੈਸ ਰਿਪੋਟਰਾਂ ਨੂੰ ਬਿਆਨ ਦਿੰਦਾ ਸੀ ਕਿ ਪਿਸ਼ਾਬ ਪੀਣਾ ਵੀ ਸਿਹਤ ਲਈ ਬਹੁਤ ਲਾਭ-ਦਾਇਕ ਹੈ ਤੇ ਇਸ ਰਾਜੇ ਦੇ ਅੱਜ ਦੇ ਬਿਆਨ ਨੂੰ ਹੀ ਲੈ ਲਵੋ...ਹੈ ਨਾ ਸ਼ਰਮ ਵਾਲੀ ਗੱਲ ?"

"ਜਿਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ ਉਹਨਾਂ ਨੂੰ ਨਹੀਂ ਆਉਂਦੀ ਫਿਰ ਆਪਾਂ ਕਿਉਂ ਮਾਰੇ ਸ਼ਰਮ ਦੇ ਮਰੀਏ..."

ਭੀੜ ਵਿਚਲੇ ਕੁਝ ਚਿਹਰੇ ਬੋਲ ਰਹੇ ਸੀ ਪਰ ਮਹਾਰਾਜ ਹਜ਼ੂਰ ਦਾ ਭਾਸ਼ਨ ਜਾਰੀ ਸੀ। "ਮਗਰ ਹਮਾਰੇ

ਕੰਟਰੋਲ ਰੂਮ ਤੋਂ ਬਤਾ ਰਹੇ ਹੈਂ ਕਿ ਸਭ ਤਰਫ ਠੀਕ ਠਾਕ ਹੈ "

"ਉਹ ਗਲਤ ਸੂਚਨਾ ਦੇ ਰਹੇ ਨੇ .." ਲੋਕਾਂ ਦੀਆਂ ਅਵਾਜ਼ਾਂ ਆਈਆਂ।

"ਠੀਕ ਹੈ ਹਮ ਦੇਖੇਂਗੇ ਕਿ ਕਿਸ ਸੇ ਗਲਤ ਸੂਚਨਾ ਮਿਲ ਰਹੀ ਹੈ। ਕੰਟਰੋਲ ਰੂਮ ਸੇ ਜਾਂ ਆਪ ਸੇ... ਹਮਨੇ ਯੇਹ ਵੀ ਦੇਖਨਾ ਹੈ ਕਿ ਬਾੜ੍ਹ ਕਾ ਪਾਨੀ ਕਿਤਨਾ ਬੜ ਗਿਆ ਹੈ। ਔਰ ਇਸ ਕਾ ਕੈਸੇ ਇੰਤਜ਼ਾਮ ਕੀਆ ਜਾ ਸਕਤਾ ਹੈ। ਇਸ ਲੀਏ ਹਮ ਅਪਨੇ ਹੜ੍ਹ ਰੋਕੂ ਮੰਤਰੀ ਕੋ ਬੁਲਾਕਰ ਅਭੀ ਠੀਕ-ਠੀਕ ਜਾਇਜ਼ਾ ਲੇਨੇ ਭੇਜ ਰਹੇ ਹੈਂ ?"

"ਸਾਨੂੰ ਜਾਇਜ਼ਿਆਂ ਦੀ ਕੋਈ ਲੋੜ ਨਹੀਂ...ਛੇਤੀ ਹੜ੍ਹ ਰੋਕੋ...ਨਹੀਂ ਤਾਂ ਤੁਹਾਡੇ ਰਾਜ ਵਿਚ ਆਦਮੀ ਤਾਂ ਕੀ ਕੋਈ ਪਰਿੰਦਾ ਵੀ ਨਹੀਂ ਬਚੇਗਾ" ਲੋਕਾਂ ਨੇ ਮਹਾਰਾਜੇ ਦੀ ਗੱਲ ਵਿਚਾਲਿਓਂ ਕੱਟ ਦਿੱਤੀ।

"ਠੀਕ ਇਸ ਨਾਲ ਤਾਂ ਇਹਨਾਂ ਦਾ ਉਹ ਨਾਹਰਾ ਵੀ ਪੂਰਾ ਹੋ ਜਾਏਗਾ।"

"ਕਿਹੜਾ ?"

"ਗ਼ਰੀਬੀ ਹਟਾਓ ਵਾਲਾ।"

"ਉਹ ਕਿਵੇਂ ?"

"ਜਦ ਕੋਈ ਗਰੀਬ ਹੀ ਨਹੀਂ ਬਚੇਗਾ ਫੇਰ ਗਰੀਬੀ ਕਿਵੇਂ ਰਹੇਗੀ ?'

ਭੀੜ ਵਿਚ ਹੋਲਕਾ ਜਿਹਾ ਹਾਸਾ ਪੈਂਦਾ ਹੈ। ਉਧਰ ਮਹਾਰਾਜ ਜੀ ਕਹਿ ਰਹੇ ਹਨ 'ਬਾੜ੍ਹ ਮੈਂਨੇ ਤੋ ਨਹੀਂ ਰੋਕਨਾ...ਹਮਾਰੇ ਪਾਸ ਔਰ ਭੀ ਬੜੇ ਕਾਮ ਹੈ...ਇੰਟਰ-ਨੈਸ਼ਨਲ ਮਸਲੇ ਹੈ..."

"ਆਪਣੀਆਂ ਤਾਣੀਆਂ ਭਾਵੇਂ ਉਲਝੀਆਂ ਰਹਿਣ..." ਭੀੜ ਵਿਚੋਂ ਕੋਈ ਬੋਲਿਆ ?

"ਹਾਂ ਆਪਣਾ ਘਰ ਭਾਵੇਂ ਸੁਆਹ ਹੋ ਜਾਵੇ... ਪਰ ਵਿਦੇਸ਼ਾਂ ਦੇ ਦੌਰੇ ਵੀ ਜ਼ਰੂਰੀ ਹਨ" ਬੋਲਣ ਵਾਲੇ ਦੇ ਕੋਲ ਖੜੇ ਬੰਦੇ ਤੋਂ ਰਿਹਾ ਨਾ ਗਿਆ। ਉਧਰ ਮੰਤਰੀ ਜੀ ਕਹਿ ਰਹੇ ਸਨ, "ਹਾਂ ਤੋ ਹਮ ਬਤਾ ਰਹੇ ਥੇ ਕੇ ਹਮਾਰੇ ਪਾਸ ਔਰ ਭੀ ਬੜੇ ਕਾਮ ਹੈ...ਫਿਰ ਮੰਤਰੀ ਕਿਸ ਲੀਏ ਹੈਂ... ਹਮ ਦੇਖਤੇ ਹੈਂ ਕਿ ਕੌਨਸਾ ਕਾਮ ਕੈਸੇ ਔਰ ਕਿਸ ਸੇ ਕਰਵਾਨਾ ਹੈ।"

* * *

"ਪਾਸੇ ਹਟੋ ..ਪਾਸੇ ਹਟੋ..." ਕਰਦੇ ਕੁਝ ਸਿਪਾਹੀ ਭੀੜ ਤੇ ਲਾਠੀਆਂ ਵਰਾਉਂਦੇ ਧੱਕੇ ਮਾਰਦੇ ਰਸਤਾ ਬਣਾਉਂਦੇ ਅੱਗੇ ਵੱਧਦੇ ਹਨ। ਉਹਨਾਂ ਦੇ ਮਗਰ ਇਕ ਝੰਡੀ ਵਾਲੀ ਕਾਰ ਹੌਲੀ ਹੌਲੀ ਤੁਰੀ ਆ ਰਹੀ ਹੈ। ਲੋਕਾਂ ਦਾ ਧਿਆਨ ਮਹਾਰਾਜ ਹਜ਼ੂਰ ਦੇ ਭਾਸ਼ਨ ਵਲੋਂ ਹੱਟ ਕੇ ਕਾਰ ਵਲ ਚਲਾ ਗਿਆ।

"ਲਓ ਖੇਤੀਬਾੜੀ ਮੰਤਰੀ ਜੀ ਵੀ ਆ ਗਏ" ਭੀੜ ਚੋਂ ਕੁਝ ਸਿਆਣੇ ਬੁੱਢਿਆਂ ਨੇ ਆਉਣ ਵਾਲੇ ਚਿਹਰੇ ਨੂੰ ਪਹਿਚਾਨ ਕੇ ਕਿਹਾ ਹੈ।

"ਇਹ ਇਥੇ ਕਿਸ ਲਈ ਪਹੁੰਚ ਗਿਆ ?"

"ਹਰੇ ਇਨਕਲਾਬ ਦੀ ਪ੍ਰਗਤੀ ਦਸਣ ਆਇਆ ਹੋਣੈ !"

"ਇਹ ਕਿਵੇਂ ਹੋ ਸਕਦੈ ਲੋਕ ਤਾਂ ਰੁੜ੍ਹੇ ਜਾ ਰਹੇ ਹਨ ਫ਼ਸਲਾਂ ਦਾ ਨਾਂ ਨਿਸ਼ਾਨ ਤਕ ਨਹੀਂ ਰਿਹਾ।"

"ਦੇਖਦਾ ਜਾ ਫੇਰ...ਜੇ ਇਹ ਗੱਲ ਨਾ ਨਿਕਲੀ ਤਾਂ ਦਾੜ੍ਹੀ ਮੁਨਵਾ ਦਿਆਂਗਾ।"

"ਤੈਨੂੰ ਕਿਵੇਂ ਪਤੈ ?"

"ਮੇਰਾ ਬਾਪੂ ਪਹਿਲਾਂ ਰਾਜੇ ਦਾ ਹੀ ਬਾਡੀਗਾਰਡ ਰਿਹੈ। ਇਸ ਲਈ ਮੈਨੂੰ ਵੀ ਪਤੈ ਇਨ੍ਹਾਂ ਲੋਕਾ ਦੇ ਖਾਸੇ ਦਾ।"

"ਫੇਰ ਤਾਂ ਤੇਰੇ ਬਾਪੂ ਦਾ ਸੁਭਾਅ ਵੀ ਇਹਨਾਂ ਵਰਗਾ ਹੀ ਹੋਣੈ ?"

"ਨਹੀਂ ਉਹ ਕੁਝ ਵੱਖਰਾ ਸੀ ਇਸੇ ਲਈ ਉਸਦੀ ਬਦਲੀ ਕਰ ਕੇ ਘੋੜਿਆਂ ਦੇ ਅਸਤਬਲ ਦਾ ਇੰਚਾਰਜ ਲਗਾ ਦਿਤਾ ਸੀ।"

"ਉਹ ਕਿਉਂ ?"

"ਉਸਨੇ ਇਕ ਵਾਰ ਰਾਜੇ ਨੂੰ ਇਕ ਕੇਸ ਵਿਚ ਅਸਲੀਅਤ ਤੋਂ ਜਾਣੂ ਕਰਵਾਉਣਾ ਚਾਹਿਆ ਸੀ। ਪਰ ਕਹਿੰਦੇ ਨੇ ਉਲੂ ਨੂੰ ਰੌਸ਼ਨੀ ਨਹੀਂ ਭਾਉਂਦੀ। ਬਾਪੂ ਜੀ ਨੇ ਉਸਨੂੰ ਰੌਸ਼ਨੀ ਦਿਖਾਉਣੀ ਚਾਹੀ ਸੀ, ਇਹੀ ਉਸਦਾ ਦੋਸ਼ ਸੀ" ਭੀੜ ਵਿਚ ਗੱਲਾਂ ਹੋ ਰਹੀਆਂ ਸਨ।

"ਮਹਾਰਜ ਦੀ ਜੈ " ਖੇਤੀਬਾੜੀ ਮੰਤਰੀ ਨੇ ਮਹਾਰਾਜ ਦੇ ਸਨਮੁੱਖ ਹੁੰਦਿਆਂ ਝੁਕ ਕੇ ਸਲਾਮ ਵਜਾਈ ਤੇ ਬੋਲਿਆ "ਇਹ ਭੀੜ ਕਿਹੀ ਹੈ ਮੇਰੇ ਆਕਾ ?"

"ਇਹ ਕਹਿੰਦੇ ਨੇ ਸਾਡੇ ਸੂਬੇ ਵਿਚ ਹੜ੍ਹ ਆ ਗਏ ਹਨ। ਫ਼ਸਲਾਂ ਸਾਰੀਆਂ ਮਾਰੀਆਂ ਗਈਆਂ ਹਨ।

ਮਕਾਨ ਢਹਿ ਗਏ ਹਨ । ਦਰਿਆਵਾਂ ਵਿਚ ਪਾਣੀ ਖਤਰੇ ਦੇ ਨਿਸ਼ਾਨਾਂ ਤੋਂ ਬਹੁਤ ਟੱਪ ਗਿਆ ਹੈ ।" ਮਹਾਰਾਜ ਦੇ ਨਿੱਜੀ ਸਕੱਤਰ ਨੇ ਖੇਤੀਬਾੜੀ ਮੰਤਰੀ ਨੂੰ ਦੱਸਿਆ ਹੈ ।

"ਬਿਲਕੁਲ ਗਲਤ ਹੈ...ਮੈਂ ਇਹਨਾਂ ਦੇ ਸੂਬੇ ਦੇ ਨਾਲ ਲੱਗਦੇ ਸੂਬੇ ਤੋਂ ਹੀ ਅੱਜ ਆਇਆ ਹਾਂ । ਕੋਈ ਖਾਸ ਨੁਕਸਾਨ ਨਹੀਂ ਹੋਇਆ ਬਲਕਿ ਪਾਣੀ ਆਉਣੇ ਨਾਲ ਤਾਂ ਇਹਨਾਂ ਨੂੰ ਬਹੁਤ ਹੀ ਲਾਭ ਪਹੁੰਚਿਆ ਹੈ ।"

"ਵੋਹ ਕੈਸੇ .." ਰਾਜੇ ਨੇ ਬੜੀ ਉਤਸੁਕਤਾ ਨਾਲ ਖੇਤੀਬਾੜੀ ਮੰਤਰੀ ਤੋਂ ਪੁੱਛਿਆ ਹੈ ।

"ਬਹੁਤ ਚਿਰ ਤੋਂ ਬਾਰਸ਼ਾਂ ਨਾ ਪੈਣ ਕਰਕੇ ਪ੍ਰਾਂਤ ਵਿਚ ਸੋਕੇ ਦੇ ਨਿਸ਼ਾਨ ਦਿਖੋਈ ਦੇਣ ਲੱਗ ਪਏ ਸੀ । ਪਾਣੀ ਦੀ ਤਹਿ ਬਹੁਤ ਹੇਠਾਂ ਚਲੀ ਗਈ ਸੀ । ਕਈ ਕਈ ਥਾਵੇਂ ਤਾਂ ਬੋਰ ਖੜ ਗਏ ਸਨ । ਮੋਟਰਾਂ ਬੰਦ ਹੋ ਗਈਆਂ ਸਨ । ਹੱਥ ਨਲਕਿਆਂ ਵਿਚ ਪਾਣੀ ਆਉਣੋਂ ਹਟ ਗਿਆ ਸੀ" ਖੇਤੀਬਾੜੀ ਮੰਤਰੀ ਨੇ ਬੜੇ ਠਰ੍ਹੰਮੇ ਨਾਲ ਦੱਸਿਆ । ਉਸਦੀ ਗੱਲ ਸੁਣ ਕੇ ਮਹਾਰਾਜੇ ਦੇ ਚਿਹਰੇ ਤੇ ਰੌਣਕ ਆ ਗਈ । ਉਸਦੀਆਂ ਅੱਖਾਂ ਦੀਆਂ ਪੁਤਲੀਆਂ ਨੱਚ ਉਠੀਆਂ । ਬੁੱਲ੍ਹਾਂ ਤੇ ਮੁਸਕਰਾਹਟ ਝਾਂਬੜਾ ਪਾਉਣ ਲੱਗ ਪਈ । ਉਸਨੇ ਇਕ ਵਾਰ ਫੇਰ ਭੀੜ ਨੂੰ ਮੁਖਾਤਬ ਹੋ ਕੇ ਖੇਤੀਬਾੜੀ ਮੰਤਰੀ ਦੀ ਦੱਸੀ ਗੱਲ ਦੁਹਰਾਉਂਦਿਆਂ ਕਿਹਾ "ਇਸ ਲੀਏ ਹੀ ਤੋ ਮੈਨੇ ਕਹਾ ਥਾ ਕਿ ਹਮ ਦੇਖੇਂਗੇ ਕਿ ਕਿਸ ਸੇ ਸੂਚਨਾ ਗਲਤ ਮਿਲੀ ਹੈ..."

"ਜਦੋਂ ਤਕ ਤੁਸੀਂ ਦੇਖੋਗੇ ਉਦੋਂ ਤਕ ਤਾਂ ਅਸੀਂ ਬਿਲਕੁਲ ਹੀ ਬਰਬਾਦ ਹੋ ਜਾਵਾਂਗੇ ਇਹ ਦੇਖਣਾ ਹੈ .. ਦੇਖੋਗੇ ..ਹੁਣ ਨਹੀਂ ਚਲੇਗਾ . ਜਿੰਨੀ ਦੇਰ ਹੜ੍ਹਾਂ ਦਾ ਕੋਈ ਇੰਤਜਾਮ ਨਹੀਂ ਹੁੰਦਾ ਅਸੀਂ ਵਾਪਸ ਨਹੀਂ ਜਾਵਾਂਗੇ...ਪਾਣੀ ਵਿਚ ਡੁਬ ਕੇ ਮਰਨ ਨਾਲੋਂ ਮਹਿਲਾਂ ਦੇ ਅੱਗੇ ਧਰਨਾ ਦਿੰਦੇ ਹੋਏ ਭੁੱਖੇ ਮਰਨਾ ਮਨਜ਼ੂਰ ਹੈ... ਆ ਬੈਠੇ ਹਾਂ..."

"ਠੀਕ ਹੈ, ਅਸੀਂ ਆ ਬੈਠੇ ..ਹਾਂ ..ਹਾਂ... ਆ . ਬੈਠੇ ਹਾਂ..." ਤੇ ਭੀੜ ਫੈਸਲਾ ਕਰਕੇ ਉਥੇ ਹੀ ਬੈਠ ਗਈ ।

ਮਹਾਰਾਜ ਨੇ ਅੰਦਰ ਜਾ ਕੇ ਹੜ੍ਹ ਰੋਕੂ ਮੰਤਰੀ ਨੂੰ ਬੁਲਾਇਆ । ਉਸਨੂੰ ਸੂਬੇ ਵਿਚ ਆਏ ਹੜ੍ਹਾਂ ਦਾ ਜਾਇਜ਼ਾ ਲੈ ਕੇ ਹੜ੍ਹਾਂ ਨੂੰ ਰੋਕਣ ਦਾ ਤੇ ਉਸਦੇ ਬਦਲੇ ਹੋਏ ਨੁਕਸਾਨ ਦਾ ਮੁਆਵਜਾ ਦੇਣ ਦਾ ਅੰਦਾਜ਼ਾ ਲਾ ਕੇ ਦੱਸਣ ਦਾ ਹੁਕਮ ਚਾੜ੍ਹਦਿਆਂ ਕਿਹਾ ਕਿ "ਯਹ ਕਾਮ ਸ਼ਾਮ ਤਕ ਹਰ ਹਾਲਤ ਮੇਂ ਪੂਰਾ ਕਰਕੇ ਮੁਝੇ ਪ੍ਰਾਗਰੈਸ ਰਿਪੋਰਟ ਦੇਣਾ..."

"ਠੀਕ ਹੈ ਹਜ਼ੂਰ...ਕਹਿ ਕੇ, ਮੰਤਰੀ ਜੀ ਨੇ ਝੁਕ ਕੇ ਸਲਾਮ ਕੀਤੀ ਤੇ ਪੁਠੇ ਪੈਰੀਂ ਪਿੱਛੇ ਮੁੜ ਗਏ ।

... ... ...

"ਫਟਾ ਫਟ ਤਿਆਰ ਹੋਵੋ . ?" ਮੰਤਰੀ ਜੀ ਨੇ ਆਪਣੀ ਪਤਨੀ ਨੂੰ ਕੋਠੀ ਅੰਦਰ ਪ੍ਰਵੇਸ਼ ਕਰਦਿਆਂ ਹੀ ਕਿਹਾ । ਮੰਤਰੀ ਜੀ ਦਾ ਹੁਕਮ ਸੁਣ ਕੇ ਪਤਨੀ ਨੂੰ ਚਾਉ ਜਿਹਾ ਚੜ੍ਹ ਗਿਆ ਕਿਉਂਕਿ ਕੁਝ ਦਿਨਾਂ ਤੋਂ ਉਹਨਾਂ ਦੀ ਵਿਦੇਸ਼ਾ ਦਾ ਦੌਰਾ ਕਰਨ ਦੀ ਚਰਚਾ ਘਰ ਵਿਚ ਚੱਲ ਰਹੀ ਸੀ ।

"ਕਿਥੇ ਜਾਣੈ ?" ਪਤਨੀ ਨੇ ਗੱਲ ਨੂੰ ਸਪੱਸ਼ਟ ਕਰਾਉਣ ਲਈ ਕਿਹਾ ।

"ਹੜ੍ਹ ਮਾਰੇ ਇਲਾਕਿਆਂ ਦਾ ਦੌਰਾ ਕਰਨ ।"

ਮੰਤਰੀ ਜੀ ਦੀ ਗੱਲ ਸੁਣ ਕੇ ਪਤਨੀ ਦੇ ਬੁੱਲ੍ਹ ਢਿਲਕ ਗਏ । ਉਹਨਾਂ ਨੇ ਤਾਂ ਇੰਗਲੈਂਡ, ਅਮਰੀਕਾ ਆਦਿ ਜਾਣ ਦੇ ਕਿਆਸੇ ਲਗਾਏ ਸੀ । "ਕਾਰ ਤੇ ਚਲੋਗੇ" ਉਸਨੇ ਬੁਝੇ ਦਿਲ ਨਾਲ ਫਿਰ ਪੁਛਿਆ ।

"ਉਡਨ ਖਟੋਲੇ ਤੇ ." ਪਤੀ ਦਾ ਜਵਾਬ ਸੁਣ ਕੇ ਉਸਨੂੰ ਕੁਝ ਤਸੱਲੀ ਹੋਈ ਕਿ ਚਲੋ ਕਾਰਾਂ ਵਿਚ ਤਾਂ ਨਹੀਂ ਧੱਕੇ ਖਾਣੇ ਪੈਣਗੇ । ਭਾਰਤ ਦੀਆਂ ਨਿਕੱਮੀਆਂ ਸੜਕਾਂ ਦੀ ਗਰਦ ਤਾਂ ਨਹੀਂ ਫਕਣੀ ਪਵੇਗੀ । ਆਪਣੇ ਮਨ ਦੀ ਚਿਹਰੇ ਤੇ ਆਈ ਹਾਲਤ ਨੂੰ ਛੁਪਾਉਣ ਲਈ ਉਸਨੇ ਮੁੜ ਮਜਾਕੀਆ ਲਹਿਜੇ ਵਿਚ "ਦੇਖਿਓ ਕਿਤੇ ਉਤੋਂ ਹੀ ਦਰਿਆ ਵਿਚ ਧੱਕਾ ਨਾ ਦੇ ਦੇਣਾ ।"

"ਦਰਿਆ ਵਿਚ ਧੱਕਾ ਦੇ ਕੇ ਅਸੀਂ ਕੀ ਕਰਾਂਗੇ ?"

"ਅਖ਼ਬਾਰਾਂ ਵਾਲੇ ਜਿਹੜੇ ਤਹਾਡੇ ਬਾਰੇ ਹਰ ਰੋਜ਼ ਸੈਕਸ ਸਕੈਂਡਲ ਛਾਪਦੇ ਨੇ ਉਹਨਾਂ ਨਾਲ ਰੰਗ ਰਲੀਆਂ ਮਨਾਉਣੀਆਂ" ਕਹਿੰਦਿਆਂ ਮੰਤਰੀ ਜੀ ਦੀ ਪਤਨੀ ਨੇ ਅੱਖਾਂ ਮਟਕਾਈਆਂ ।

"ਚੱਲ ਬਹੁਤਾ ਨਾ ਬੋਲਿਆ ਕਰ... ਫਟਾ-ਫਟ ਤਿਆਰ ਹੋ ਜਾ ਮੈਂ ਸ਼ਾਮ ਤਕ ਆ ਕੇ ਮਹਾਰਾਜ ਹਜ਼ੂਰ ਨੂੰ ਰਿਪੋਰਟ ਵੀ ਦੇਣੀ ਹੈ । ਮੰਤਰੀ ਜੀ ਨੇ ਉਸਨੂੰ ਡੌਲੇ ਤੋਂ ਫੜ ਕੇ ਦੂਸਰੇ ਕਮਰੇ ਵਿਚ ਧੱਕਦਿਆਂ ਕਿਹਾ ਤੇ ਆਪ ਦੋਨਾਂ ਹੱਥਾਂ ਦੀ ਤਾੜੀ ਮਾਰ ਦਿੱਤੀ । ਸੇਵਾਦਾਰ ਆਇਆ, ਮੰਤਰੀ ਜੀ ਨੇ ਉਸਨੂੰ ਉਡਨ ਖਟੋਲਾ ਲੈ ਕੇ

ਆਉਣ ਦਾ ਹੁਕਮ ਚਾੜ ਦਿਤਾ ।

ਦੂਜੇ ਪਲ ਉੜਨ ਖਟੋਲਾ ਕੋਠੀ ਦੇ ਵਿਹੜੇ ਵਿਚ ਉਤਰ ਆਇਆ । ਮੀਆਂ ਬੀਵੀ ਅਜੇ ਉੜਨ ਖਟੋਲੇ ਵਿਚ ਬੈਠੇ ਹੀ ਸਨ ਕਿ ਉਹਨਾਂ ਦੀ ਬਾਰ੍ਹਾਂ ਤੇਰ੍ਹਾਂ ਸਾਲ ਦੀ ਬੇਟੀ ਤਿਆਰ ਹੋ ਕੇ ਟਪਕੀ 'ਤੇ ਬੋਲੀ "ਮੈਂ ਵੀ ਚਲੂੰਗੀ ਪਾਪਾ ਜੀ...ਮੈਨੇ ਕਦੀ ਹੜ੍ਹ ਆਇਆ ਨਹੀਂ ਦੇਖਿਆ .." ਤੇ ਬਗੈਰ ਪਾਪੇ ਦਾ ਕੋਈ ਉਤਰ ਪ੍ਰਾਪਤ ਕੀਤੇ ਉੜਨ ਖਟੋਲੇ ਵਿਚ ਬੈਠਦੀ ਹੋਈ ਬੋਲੀ "ਪਾਪਾ ਆਹ ਲਓ ਤੁਹਾਡੀ ਦੂਰਬੀਨ, ਮੰਮੀ ਆਹ ਤੁਹਾਡੇ ਲਈ...ਤੇ ਇਹ ਮੇਰੀ..."

ਵਜ਼ੀਰ ਸਾਹਿਬ ਬੇਟੀ ਦੀ ਅੰਕਲ ਉਤੇ ਮੁਸਕਰਾਏ। ਬਗਲ ਵਿਚ ਲੈ ਕੇ ਪਿਆਰ ਨਾਲ ਉਸਦੀਆਂ ਗੱਲ੍ਹਾਂ ਥਪਥਪਾਈਆਂ ਤੇ ਉੜਨ ਖਟੋਲਾ ਚਾਲਕ ਨੂੰ ਚੱਲਣ ਦਾ ਇਸ਼ਾਰਾ ਕਰ ਦਿੱਤਾ । ਇਸ਼ਾਰਾ ਪਉਂਦਿਆਂ ਹੀ ਉੜਨ ਖਟੋਲਾ ਇਕ ਝਟਕੇ ਨਾਲ ਉਪਰ ਉਠਿਆ । ਸ਼ੋਰ ਮੱਚਿਆ । ਹਵਾ ਚੀਰਦਾ । ਹਵਾ ਨਾਲ ਗੱਲਾਂ ਕਰਦਾ ਮੰਜ਼ਲ ਵਲ ਵੱਧਣ ਲੱਗਿਆ । ਠੰਡੀ ਹਵਾ ਦੇ ਬੁੱਲੇ ਨੇ ਵਜ਼ੀਰ ਸਾਹਿਬ ਦੀ ਪਤਨੀ ਦੀਆਂ ਜ਼ੁਲਫਾਂ ਹਵਾ ਵਿਚ ਲਹਿਰਾ ਦਿੱਤੀਆਂ । ਜਿਵੇਂ ਕਿਸੇ ਪੱਥਰ ਤੋਂ ਖੜਕਾ ਹੋ ਜਾਣ ਤੇ ਕਈ ਉੜਨੇ ਸੱਪ ਇਕੱਠੇ ਹੀ ਉੜ ਗਏ ਹੋਣ । ਵਜੀਰ ਸਾਹਿਬ ਨੇ ਉਸਦੇ ਵਲ ਦੇਖਿਆ । ਇਕ ਨਸ਼ਾ ਉਤਰ ਆਇਆ ਪਤੀ ਪਤਨੀ ਦੀਆਂ ਅੱਖਾਂ ਵਿਚ ਮਸਤੀ ਆਈ ਤੇ ਪਤਨੀ ਨੇ ਪਤੀ ਦੇ ਮੋਢੇ ਤੇ ਸਿਰ ਰੱਖ ਦਿੱਤਾ । ਬੇਟੀ ਦੂਰਬੀਨ ਅੱਖਾਂ ਤੇ ਟਿਕਾਈ ਹੇਠਾਂ ਧਰਤੀ ਦੇ ਨਜ਼ਾਰੇ ਦੇਖ ਰਹੀ ਸੀ ।

"ਹਾਂ ਪਾਪਾ ਕਿਤਨਾ ਪਾਨੀ...ਏਕ ਦਮ ਸਮੁੰਦਰ..." ਬੇਟੀ ਨੇ ਲਗਭਗ ਚੀਕਦਿਆਂ ਪਿਤਾ ਦੀ ਬਾਂਹ ਫੜ ਕੇ ਹੇਠਾਂ ਇਸ਼ਾਰਾ ਕੀਤਾ । ਵਜ਼ੀਰ ਸਾਹਿਬ ਨੇ ਦੇਖਿਆ ਹੇਠਾਂ ਚਾਰੇ ਪਾਸੇ ਜਲਥਲ ਹੋਇਆ ਪਿਆ ਸੀ ।

"ਚਾਲਕ ਏਸ ਨੂੰ ਬਿਲਕੁਲ ਹੇਠਾਂ ਲੈ ਚਲੋ... ਅਸੀਂ ਪਾਣੀ ਦੇ ਬਿਲਕੁਲ ਨੇੜੇ ਜਾ ਕੇ ਨਜ਼ਾਰਾ ਦੇਖਣਾ ਚਾਹੁੰਦੇ ਹਾਂ..." ਵਜ਼ੀਰ ਸਾਹਿਬ ਨੇ ਹੁਕਮ ਦਿੱਤਾ । ਚਾਲਕ ਨੇ ਉੜਨ ਖਟੋਲਾ ਬਿਲਕੁਲ ਹੇਠਾਂ ਲੈ ਆਂਦਾ । ਹੁਣ ਵਜ਼ੀਰ ਸਾਹਿਬ ਦਾ ਧਿਆਨ ਆਪਣੇ ਆਲੇ ਦੁਆਲੇ ਤੋਂ ਹਟ ਕੇ ਹੇਠਾਂ ਵਲ ਲੱਗ ਚੁਕਿਆ ਸੀ । ਪਾਣੀ ਦਾ ਵਹਾ ਬਹੁਤ ਹੀ ਤੇਜ਼ ਸੀ, ਜਿਸ ਵਿਚ ਝੁਗੀਆਂ ਤਿਰੀਆਂ ਜਾ ਰਹੀਆਂ ਸਨ । ਮੱਝਾਂ ਗਊਆਂ ਸਣੇ ਸੰਗਲ ਕੀਲੇ ਪੁਟਾਈ ਰੁੜੀਆਂ ਜਾ ਰਹੀਆਂ ਸਨ । ਉਹ ਆਪਣੇ ਘਰਾਂ ਨੂੰ ਪਰਤਣ ਦੀ ਕੋਸ਼ਿਸ਼ ਕਰਦੀਆਂ, ਪਰ ਜਿੰਨਾ ਉਹ ਆਪਣੇ ਘਰ ਵਲ ਮੁੜਦੀਆਂ ਉਸ ਤੋਂ ਚਾਰ ਗੁਣਾਂ ਪਾਣੀ ਉਨ੍ਹਾਂ ਨੂੰ ਧਕ ਕੇ ਪਿਛੇ ਵਗਾਹ ਮਾਰਦਾ । ਸੰਘਰਸ਼ ਚਲ ਰਿਹਾ ਸੀ । ਪਰ ਉੜਨ ਖਟੋਲਾ ਅਗੇ ਲੰਘ ਗਿਆ ।

"ਕਿੰਨੇ ਬਹਾਦਰ ਨੇ ਪਾਪਾ ਇਹ ਪਸ਼ੂ" ਬੱਚੀ ਨੇ ਪਿਛਾਹਾਂ ਮੁੜ ਕੇ ਦੇਖਦਿਆਂ ਕਿਹਾ ।

ਪਰ ਮੰਤਰੀ ਜੀ ਚੁਪ ਰਹੇ । ਸਾਹਮਣੇ ਇਕ ਘਰ ਜੰਗਲੇ ਤਕ ਡੁਬਿਆ ਨਜ਼ਰ ਆ ਰਿਹਾ ਸੀ । ਉਸ ਦੇ ਨਾਲ ਹੀ ਇਕ ਕਿੱਕਰ ਤੇ ਦੋ ਆਦਮੀ ਚੜ੍ਹੇ ਬੈਠੇ ਦਿਖਾਈ ਦੇ ਰਹੇ ਸੀ । ਉਹ ਉੱਚੀ ਉੱਚੀ ਚੀਕ ਚੀਕ ਕੇ ਕਹਿ ਰਹੇ ਸੀ, "ਸਾਨੂੰ ਬਚਾਓ...ਸਾਨੂੰ ਬਚਾਓ..." ਕਿੱਕਰ ਦੇ ਹੇਠਾਂ ਪਾਣੀ ਸ਼ੂਕਦਾ ਵਗ ਰਿਹਾ ਸੀ । ਉਨ੍ਹਾਂ ਦੇ ਸਾਹਮਣੇ ਵਾਲੀ ਟਹਿਣੀ ਤੇ ਫਨੀਅਰ ਸੱਪ ਫਣ ਫੈਲਾਈ ਖੜਾ ਮੌਤ ਦਾ ਰੂਪ ਧਾਰ ਰਿਹਾ ਸੀ । ਅਗਲੀ ਟਹਿਣੀ ਤੇ ਦੋ ਸੱਪ ਰਸੀਆਂ ਵਾਂਗ ਲਟਕ ਰਹੇ ਸੀ ।

"ਆਹ ਪਾਪਾ ਕਿੰਨਾ ਸੋਹਣਾ ਸੀਨ...ਜੇ ਮੈਨੂੰ ਇਹ ਪਤਾ ਹੁੰਦਾ ਕਿ ਇੰਨੇ ਖੂਬਸੂਰਤ ਸੀਨ ਦੇਖਣ ਨੂੰ ਮਿਲਣਗੇ ਤਾਂ ਮੈਂ ਕੈਮਰਾ ਜ਼ਰੂਰ ਲੈ ਆਉਂਦੀ" ਬੱਚੀ ਨੇ ਦਰਖਤ ਵਲ ਇਸ਼ਾਰਾ ਕੀਤਾ ।

"ਚੁੱਪ ਕਰਕੇ ਦੇਖੀ ਚਲ ਬੇਟੇ" ਵਜ਼ੀਰ ਸਾਹਿਬ ਨੇ ਬੇਟੀ ਨੂੰ ਸਮਝਾਉਂਦਿਆਂ ਕਿਹਾ । ਪਿਉ ਦਾ ਵਿਗੜਿਆ ਰੌਂਅ ਦੇਖ ਕੇ ਬੇਟੀ ਦੁਬਕ ਕੇ ਬੈਠ ਗਈ ।

ਉੜਨ ਖਟੋਲਾ ਆਪਣੀ ਚਾਲੇ ਅਗੇ ਵੱਧ ਰਿਹਾ ਸੀ । ਇਲਾਕੇ ਦੀ ਸਭ ਤੋਂ ਉੱਚੀ ਸੜਕ ਦੇ ਆਲੇ-ਦੁਆਲੇ ਪਾਣੀ ਹੀ ਪਾਣੀ ਫਿਰ ਰਿਹਾ ਸੀ । ਇਕ ਥਾਂ ਤੇ ਲੋਕ ਸੜਕ ਤੇ ਨੰਗੇ ਧੜ ਹੀ ਬੈਠੇ ਸੀ । ਬਾਰਸ਼ ਵਿਚ ਭਿੱਜੇ ਉਹ ਕਿਸੇ ਭਿੱਜੀ ਬਿੱਲੀ ਵਾਂਗ ਲੱਗ ਰਹੇ ਸੀ । ਸੜਕ ਵਿਚ ਪਾੜ ਪੈ ਜਾਣ ਕਰਕੇ ਉਹ ਨਾ ਅਗੇ ਜਾ ਸਕਦੇ ਸੀ ਨਾ ਪਿੱਛੇ ਪਰ ਨਾਲ ਲਗਦੇ ਪਿੰਡ ਤੋਂ ਸ਼ਤੀਰੀਆਂ ਤੇ ਆਦਮੀਆਂ ਬੱਚਿਆਂ ਨੂੰ ਬੈਠਾ ਕੇ ਸੜਕ ਵਲ ਲਿਆ ਰਹੇ ਸੀ । ਇਕ ਆਦਮੀ ਦੀ ਪਿੱਠ ਤੇ ਇਕ ਬੱਚਾ ਬੈਠਾ ਸੀ ਤੇ ਉਹਦੇ ਲੱਕ ਨੂੰ ਇਕ ਔਰਤ ਨੇ ਜੱਫਾ ਪਾਇਆ ਹੋਇਆ ਸੀ । ਜਿਸ ਨੂੰ ਉਹ ਬੜੀ ਮੁਸ਼ਕਲ ਨਾਲ ਤੈਰ ਕੇ ਸੜਕ ਵਲ ਲਈ ਜਾ ਰਿਹਾ ਸੀ ।

"ਓ...ਗੌਡ..." ਵਜ਼ੀਰ ਸਾਹਿਬ ਦੀ ਪਤਨੀ ਬੋਲੀ, "ਚਲੋ ਵਾਪਸ ਚਲੋ, ਮੈਤੋਂ ਨਹੀਂ ਦੇਖਿਆ ਜਾਂਦਾ ਇਹ ਕੁੱਝ ।

"ਕਿਉਂ ?"

"ਇਹ ਵਿਚਾਰੇ ਸ਼ਤੀਰੀਆਂ ਨਾਲ ਤੈਰਦੇ ਹੋਏ ਆਪਣੇ ਸਾਥੀਆਂ ਦਾ ਬਚਾ ਕਰ ਰਹੇ ਹਨ, ਉਹ ਕਿਸ਼ਤੀਆਂ ਕਿਥੇ ਹਨ ਜਿਹੜੀਆਂ ਪਿਛਲੇ ਦੌਰੇ ਤੇ ਆਪਾਂ ਨੇ ਦੂਜੇ ਦੇਸ਼ਾਂ ਤੋਂ ਖਰੀਦੀਆਂ ਸਨ ?"

"ਸਟੀਲ ਪਲਾਂਟ ਕਾਸਦਾ ਲਗਿਐ ?"

"ਕਿਸ਼ਤੀਆਂ ਦਾ ?"

"ਹੋਰ ਕਾਸਦਾ ? ਕਿਸ਼ਤੀਆਂ ਤਾਂ ਸਿਰਫ ਕਾਗਜ਼ਾਂ ਵਿਚ ਹੀ ਆਈਆਂ ਹਨ, ਅਸਲ ਵਿਚ ਤਾਂ ਉਹ ਸਟੀਲ ਪਲਾਂਟ ਹੀ ਆਇਆ ਸੀ।"

"ਫੇਰ ਫੌਜ ਨੂੰ ਬੁਲਾ ਲੈਂਦੇ "

"ਜੋ ਕੁਝ ਫੌਜ ਨੇ ਕਰਨਾ ਸੀ ਉਹ ਤਾਂ ਇਹ ਵੀ ਕਰ ਰਹੇ ਹਨ . ਨਾਲੇ ਫੌਜ ਤਾਂ ਯੁਧ ਵਾਸਤੇ ਹੁੰਦੀ ਐ ਵਿਰੋਧੀਆਂ ਨੂੰ ਦਬਾਉਣ ਵਾਸਤੇ ਹੁੰਦੀ ਹੈ, ਵਿਰੋਧੀਆਂ ਨੂੰ ਡੁਬਦੇ ਬਚਾਉਣ ਲਈ ਨਹੀਂ।"

"ਪਰ ਇਹ ਤਾਂ ਤੁਹਾਡੀ ਪਰਜਾ ਹੈ, ਵਿਰੋਧੀ ਕਿਵੇਂ ਹੋਏ ?"

"ਸੁਧ ਸਥਾਨ ਵੀ ਤਾਂ ਇਹੀ ਮੰਗ ਰਹੇ ਨੇ...ਨਾ ਰਹੇਗਾ ਬਾਂਸ, ਨਾ ਬਜੇਗੀ ਬਾਂਸੁਰੀ ."

"ਸਾਰੇ ਥੋੜ੍ਹੇ ਮੰਗ ਰਹੇ ਨੇ ?"

"ਕਣਕ ਨਾਲ ਸੁਸਰੀ ਵੀ ਪੀਹੀ ਜਾਂਦੀ ਹੈ" ਕਹਿਕੇ ਮੰਤਰੀ ਜੀ ਆਪਣੀ ਪਤਨੀ ਵਲ ਇਸ ਤਰ੍ਹਾਂ ਦੇਖੇ, ਜਿਵੇਂ ਕਹਿ ਰਹੇ ਹੋਣ "ਹੈ ਕੋਈ ਮੇਰੀ ਗੱਲ ਦਾ ਉੱਤਰ" ਤੇ ਫੇਰ ਹੇਠਾਂ ਨਿਗਾਹ ਮਾਰ ਕੇ ਚਾਲਕ ਨੂੰ ਕਿਹਾ, "ਚਾਲਕ ਖਟੋਲੇ ਨੂੰ ਹੇਠਾਂ ਉਤਾਰ ਦੇ..." ਹੇਠਾਂ ਇਕ ਟਿੱਬੇ ਤੇ ਆਦਮੀ ਤੀਵੀਆਂ ਬੱਚੇ ਬੁੱਢੀਆਂ ਕੀੜੀਆਂ ਵਾਂਗ ਬੈਠੇ ਦਿਖਾਈ ਦੇ ਰਹੇ ਸੀ। ਪਾਣੀ ਵਿਚ ਘਿਰਿਆਂ ਇਹ ਟਿੱਬਾ ਇਕ ਟਾਪੂ ਵਾਂਗ ਨਜ਼ਰ ਆ ਰਿਹਾ ਸੀ। ਚਾਲਕ ਨੇ ਹੋਲੀ ਹੋਲੀ ਉੜਨ ਖਟੋਲਾ ਹੇਠਾਂ ਉਤਾਰਨਾ ਸ਼ੁਰੂ ਕਰ ਦਿੱਤਾ, ਜਿਉਂ ਜਿਉਂ ਉੜਨ ਖਟੋਲਾ ਹੇਠਾਂ ਉਤਰ ਰਿਹਾ ਸੀ, ਤਿਉਂ ਤਿਉਂ ਲੋਕੀਂ ਡਰਦੇ ਮਾਰੇ ਇਧਰ ਉਧਰ ਦੌੜ ਰਹੇ ਸੀ। ਦੇਖਦੇ ਦੇਖਦੇ ਟਿੱਬੇ ਦਾ ਵਿਚਚਾਰਲਾ ਭਾਗ ਬਿਲਕੁਲ ਖਾਲੀ ਹੋ ਗਿਆ। ਉੜਨ ਖਟੋਲਾ ਉਸ ਤੇ ਆ ਕੇ ਉਤਰਿਆ। ਵਜ਼ੀਰ ਸਾਹਿਬ ਬੜੇ ਠਰੰਮੇ ਨਾਲ ਹੋਲੀ ਹੋਲੀ ਉੜਨ ਖਟੋਲੇ ਤੋਂ ਹੇਠਾਂ ਉਤਰੇ।

"ਉਹ ਇਹ ਤਾਂ ਹੜ੍ਹ ਰੋਕੂ ਮੰਤਰੀ ਹੈ" ਕੋਈ ਬੋਲਿਆ।

"ਅਸੀਂ ਕਿਹਾ ਕਿਤੇ ਦੁਸ਼ਮਨ ਨੇ ਹਮਲਾ ਕਰ ਦਿੱਤਾ...ਕਿ ਨਿਹੱਥੀ ਜਨਤਾ ਹੁਣ ਕਾਬੂ ਆਵੇਗੀ"।

"ਨਹੀਂ ਇਹ ਸਾਨੂੰ ਗ੍ਰਿਫਤਾਰ ਕਰਨ ਆਏ ਹਨ . ਪਹਿਲਾਂ ਬੰਨ ਦਾ ਪਾਣੀ ਛੜਵਾ ਦਿੱਤਾ ਤਾਂ ਕਿ ਸਾਡੇ ਲੁਕਣ ਦੀਆਂ ਥਾਵਾਂ ਪਾਣੀ ਨਾਲ ਭਰ ਜਾਣ। ਅਸੀਂ ਬਾਹਰ ਆ ਜਾਈਏ ਤੇ ਫੇਰ ਇਹ ਸਾਨੂੰ ਝੂਠੇ ਪੁਲਿਸ ਮੁਕਾਬਲੇ ਦਿਖਾ ਕੇ ਖਤਮ ਕਰ ਦੇਣ...ਨਹੀਂ, ਐਂ ਕਦੇ ਸਾਡੀ ਉਠੀ ਮੂਵੈਮੈਂਟ ਖਤਮ ਨਹੀਂ ਹੋ ਸਕਦੀ ." ਇੱਕ ਖੁਲ੍ਹੇ ਦਾੜ੍ਹੇ ਗਲ ਗਾਤਰੇ ਵਾਲਾ ਨੌਜਵਾਨ ਚੀਕ ਚੀਕ ਕੇ ਕਹਿ ਰਿਹਾ ਸੀ।

"ਪਰ ਇਹ ਚੰਦ ਬੰਦੇ ਫੜਨ ਲਈ ਲੱਖਾਂ ਜਾਨਾਂ ਕਿਉਂ ਲਈਆਂ...? ਕਿਉਂ ਲੋਕ ਘਰੋਂ ਬੇਘਰ ਕਰ ਦਿਤੇ ..?"

"ਨਹੀਂ ਇਹ ਬਿਲਕੁਲ ਗਲਤ ਹੈ..." ਇਕ ਬਜ਼ੁਰਗ ਦੀ ਗੱਲ ਸੁਣ ਕੇ ਮੰਤਰੀ ਜੀ ਬੋਲੇ।

"ਫੇਰ ਠੀਕ ਕੀ ਹੈ ?

"ਠੀਕ ਹੈ ਕਿ ਇਹ ਬਾਰਸ਼ਾਂ ਦਾ ਹੀ ਪਾਣੀ ਹੈ। ਦਰਿਆ ਵਿਚ ਬੰਨ੍ਹ ਦਾ ਪਾਣੀ ਬਿਲਕੁਲ ਨਹੀਂ, ਛਡਿਆ... ਜੇ ਥੋੜ੍ਹਾ ਬਹੁਤ ਛਡਿਆ ਵੀ ਹੈ ਤਾਂ ਸਿਰਫ ਬੰਨ੍ਹ ਨੂੰ ਬਚਾਉਣ ਲਈ ..ਕਿਉਂਕਿ ਪਾਣੀ ਖਤਰੇ ਦੇ ਨਿਸ਼ਾਨ ਤੋਂ ਟਪ ਚੁਕਿਆ ਸੀ।"

"ਬਿਲਕੁਲ ਗਲਤ ਹੈ..." ਇਕ ਪੜ੍ਹੇ ਲਿਖੇ ਬਜ਼ੁਰਗ ਨੇ ਮੰਤਰੀ ਜੀ ਦੀ ਗੱਲ ਵਿਚੋਂ ਕਟਦਿਆਂ ਕਿਹਾ, "ਇਹ ਹੜ੍ਹ ਬੰਨ੍ਹ ਦੇ ਅਫਸਰਾਂ ਦੀ ਨਲਾਇਕੀ ਕਰਕੇ ਆਇਆ ਹੈ ..ਮੈਂ ਵੀ ਇਸੇ ਮਹਿਕਮੇ ਦਾ ਇਕ ਜ਼ੁਮੇਵਾਰ ਅਫਸਰ ਰਿਹਾ ਹਾਂ...... ਮੇਰੇ ਨਾਲ ਦੇ ਤਿੰਨ ਰਿਟਾਇਡ ਅਫਸਰਾਂ ਨੂੰ ਬੁਲਾ ਕੇ ਤੁਹਾਡੇ ਸਾਰੇ ਅੰਧਿਕਾਰੀਆਂ ਨਾਲ ਦੂਰਦਰਸ਼ਨ ਤੇ ਗੱਲ ਕਰਵਾ ਦਿਓ ਅਸੀਂ ਸਿਰਫ ਪੰਦਰ੍ਹਾਂ ਮਿੰਟਾਂ ਵਿਚ ਸਾਬਤ ਕਰ ਦਿਆਂਗੇ ਕਿ ਮੌਕੇ ਦੇ ਅਫਸਰਾਂ ਦੀ ਕਿੰਨੀ ਨਾਲਾਇਕੀ ਹੈ ਤੇ ਹੜ੍ਹ ਤੋਂ ਲੋਕ ਕਿਵੇਂ ਬਚ ਸਕਦੇ ਸੀ।"

"ਪਰ ਬਚੇ ਹੋਇਆਂ ਨੂੰ ਤਾਂ ਬਚਾਅ ਲਓ..." ਭੀੜ ਚੀਕ ਉਠੀ ਕਿਉਂਕਿ ਕੁਝ ਚਿਰ ਪਹਿਲਾਂ ਉਹਨਾਂ ਦੀ ਬਹਿਸ ਸੁਣ ਕੇ ਬਾਕੀ ਲੋਕ ਉਹਨਾਂ ਦੁਆਲੇ ਆ ਕੇ ਖੜ ਗਏ ਸੀ।

Regd. with the Register News Papers Vide No. MA/12397-D Dated 18-4-80
Post Office No. P/AR-133

"ਤੁਹਾਨੂੰ ਕੀ ਹੋਇਐ " ਮੰਤਰੀ ਜੀ ਉਹਨਾਂ ਦੀ ਇਕੱਠੀ ਚੀਕ ਸੁਣ ਕੇ ਲਗਭਗ ਚਿਲਾਏ।

"ਸਾਨੂੰ ਕੀ ਹੋਇਐ, ਤੈਨੂੰ ਦਿਖਦਾ ਨਹੀਂ.. ?" ਇਕ ਬੁੱਢੀ ਔਰਤ ਅੱਗੇ ਵੱਧ ਕੇ ਬੋਲੀ 'ਤੇ ਆਪਣੀ ਕਮੀਜ਼ ਚੁੱਕ ਕੇ ਕਹਿਣ ਲੱਗੀ "ਏਸ ਢਿਡ ਵਿਚ ਹਫਤੇ ਦਾ ਕੁਝ ਨਹੀਂ ਗਿਆ...ਖਾਣ ਪਕਾਉਣ ਲਈ ਤਾਂ ਕੀ ਸਾਡੇ ਕੋਲ ਤਾਂ ਦੀਵਾ ਸਲਾਈ ਤਕ ਵੀ ਨਹੀਂ..."

"ਜੇ ਇਹੀ ਹਾਲ ਰਿਹਾ ਤਾਂ ਅਸੀ ਭੁੱਖ ਨਾਲ ਮਰ ਜਾਵਾਂਗੇ.."

"ਏਥੇ ਦੋ ਬੱਚੇ, ਤਿੰਨ ਬੁੱਢੇ ਤੇ ਇਕ ਬੁੱਢੀ ਤਾਂ ਮਰ ਵੀ ਚੁੱਕੇ ਹਨ...ਜੇ ਕੁਝ ਦਿਨ ਹੋਰ ਲੰਘ ਗਏ ਤਾਂ ਅਸੀਂ ਸਾਰੇ ਮਰ ਜਾਵਾਂਗੇ..."

"ਹਾਏ ਬਚਾਓ..." ਭੀੜ ਦੀ ਅਵਾਜ਼ ਤੋਂ ਵੀ ਇਕ ਉੱਚੀ ਅਵਾਜ਼ ਆਈ। ਮਿਸਜ਼ ਵਜੀਰ ਸਾਹਿਬ ਅੱਗੇ ਵੱਧੀ। ਦੇਖਿਆ ਕਿ ਇਕ ਔਰਤ ਦੇ ਮੰਜੇ ਨੂੰ ਚਾਰ ਤੀਵੀਆਂ ਪੌਲੇਥੀਨ ਦੇ ਕਵਰ ਦਾ ਤੰਬੂ ਤਾਣ ਕੇ ਖੜੀਆਂ ਸੀ।

"ਬੱਚਾ ਹੋ ਰਿਹੈ ਪੇਕੇ ਘਰ ਜਨੇਪਾ ਕਟਣ ਆਈ ਸੀ .." ਮਿਸਜ਼ ਮੰਤਰੀ ਨੂੰ ਅੱਗੇ ਵਧਦਾ ਦੇਖ ਕੇ ਔਰਤ ਬੋਲੀ ਜੋ ਕਵਰ ਦਾ ਇਕ ਕੋਨਾ ਫੜੀ ਖੜੀ ਸੀ।

"ਓ ਮਾਈ ਗਾਡ..." ਮਿਸਜ਼ ਮੰਤਰੀ ਬੋਲੇ "ਚਲੋ ਵਾਪਸ ਚਲੀਏ ਹੁਣ ਤਾਂ ਇਕ ਖੱਲ ਵੀ ਨਹੀਂ ਠਹਿਰਿਆ ਜਾਂਦਾ" ਮਿਸਜ਼ ਮੰਤਰੀ ਇਕ ਦਮ ਮੰਤਰੀ ਜੀ ਵੱਲ ਮੁੜ ਕੇ ਕਹਿਣ ਲੱਗੀ ?

"ਚਲੋ.." ਕਹਿ ਕੇ ਮੰਤਰੀ ਜੀ ਵੀ ਉੜਨ ਖਟੋਲੇ ਵਲ ਵੱਧ ਗਏ।

"ਤੁਸੀਂ ਤਾਂ ਚੱਲ ਪਏ ਪਰ ਸਾਡਾ ਕੀ ਬਣੂ...? ਅਸੀਂ ਕੀ ਕਰੀਏ...?" ਉੜਨ ਖਟੋਲੇ ਵਿਚ ਬੈਠਦੇ ਸਮੇਂ ਮੰਤਰੀ ਜੀ ਦੇ ਕੰਨੀਂ ਸੁਣਾਈ ਦਿੱਤਾ ਪਰ ਉਹਨਾਂ ਸੁਣਿਆ ਅਣ-ਸੁਣਿਆ ਕਰ ਦਿਤਾ ਤੇ ਉੜਨ-ਖਟੋਲਾ ਚਾਲਕ ਨੂੰ ਫੌਰਨ ਉੜਨ-ਖਟੋਲਾ ਉੜਾਣ ਦਾ ਹੁਕਮ ਦਿੱਤਾ। ਮੰਤਰੀ ਜੀ ਦਾ ਹੁਕਮ ਸੁਣ ਕੇ ਉੜਨ ਖਟੋਲਾ ਇਕ ਝਟਕੇ ਨਾਲ ਉਠਿਆ ਤੇ ਪੂਰੀ ਰਫਤਾਰ ਨਾਲ ਮੰਜ਼ਲ ਵਲ ਵੱਧ ਗਿਆ। ਮਹਿਲ ਦੇ ਉਪਰ ਉੜਨ ਖਟੋਲੇ ਦੀ ਅਵਾਜ਼ ਸੁਣ ਕੇ ਸਵੇਰ ਦੇ ਧਰਨੇ ਤੇ ਬੈਠੇ ਲੋਕਾਂ ਦੀਆਂ ਨਜ਼ਰਾਂ ਇਕ ਦਮ ਉਸ ਤੇ ਗਡ ਗਈਆਂ।

ਉੜਨ ਖਟੋਲਾ ਮਹਿਲ ਦੇ ਵਿਹੜੇ ਵਿਚ ਉਤਰਿਆ। ਮੰਤਰੀ ਜੀ ਨੇ ਫੌਰਨ ਆ ਕੇ ਮਹਾਰਾਜ ਹਜ਼ੂਰ ਨੂੰ ਆਪਣੇ ਦੌਰੇ ਦਾ ਪੂਰਾ-ਪੂਰਾ ਜਾਇਜ਼ਾ ਸੁਣਾ ਦਿਤਾ। ਜਿਸ ਨੂੰ ਸੁਣ ਕੇ ਮਹਾਰਾਜ ਹਜ਼ੂਰ ਬਾਹਰ ਆਏ ਤੇ ਲੋਕਾਂ ਨੂੰ ਸੰਬੋਧਤ ਹੋਏ "ਮੇਰੇ ਦੇਸ਼ ਦੀ ਪਿਆਰੀ ਪਰਜਾ ਕੋ ਜਾਨ ਕਰ ਖੁਸ਼ੀ ਹੋਗੀ ਕਿ ਹਮਾਰੇ ਹੜ੍ਹ ਰੋਕੂ ਮੰਤਰੀ ਜੀ ਬਾੜ ਕਾ ਜਾਇਜ਼ਾ ਲੇ ਕਰ ਆ ਗਏ ਹੈਂ। ਉਹ ਸਿਰਫ਼ ਜਾਇਜਾ ਲੇਕਰ ਹੀ ਨਹੀਂ ਆਏ ਬਲਕਿ ਬਾੜ ਕਾ ਇੰਤਜਾਮ ਭੀ ਕਰ ਆਏ ਹੈਂ...। ਅੱਬ ਆਪ ਕੋਈ ਕਿਸੀ ਭੀ ਪ੍ਰਕਾਰ ਸੇ ਬਾੜ ਕਾ ਕੋਈ ਖਤਰਾ ਨਹੀਂ ਹੈ।"

"ਕੀ ਈ...ਈ ?" ਭੀੜ ਦੀ ਹੈਰਾਨੀ ਭਰੀ ਅਵਾਜ਼ ਆਈ। ਸਾਰਿਆਂ ਦੇ ਮੂੰਹ ਟੱਡੇ ਦੇ ਟੱਡੇ ਰਹਿ ਗਏ।

"ਯਹਾਂ ਯਹਾਂ ਪਾਨੀ ਖਤਰੇ ਕੇ ਨਿਸ਼ਾਨੋ ਸੇ ਉਪਰ ਚਲ ਰਹਾ ਥਾ ਵਹਾਂ ਕੇ ਸਭੀ ਖਤਰੇ ਕੇ ਨਿਸ਼ਾਨ ਹਮਨੇ ਪੁਟਵਾ ਕਰ ਤੀਨ ਫੁਟ ਉੱਚੇ ਕਰਾ ਦੀਏ ਹੈਂ" ਕਹਿ ਕੇ ਮਹਾਰਾਜ ਹਜ਼ੂਰ ਫਿਰ ਮਹਿਲ ਵਿਚ ਚਲੇ ਗਏ ਤੇ ਲੋਕ ਇਕ ਦੂਜੇ ਦੇ ਮੂੰਹ ਵਲ ਦੇਖਣ ਲੱਗ ਪਏ।

—o—

8-9 ਜੁਲਾਈ (ਸਨਿਚਰ/ਐਤਵਾਰ) ਦੀ ਦਰਮਿਆਨੀ ਰਾਤ ਪੰਜਾਬੀ ਭਵਨ, ਲੁਧਿਆਣਾ ਵਿਖੇ

**ਪਾਸ਼, ਪੱਡਾ** ਅਤੇ ਹੋਰ ਇਨਕਲਾਬੀ ਸ਼ਹੀਦਾਂ ਦੀ ਯਾਦ ਵਿਚ ਸਾਰੀ ਰਾਤ ਦਾ ਇਕ ਸਾਝਾ

## ਇਨਕਲਾਬੀ ਸਭਿਆਚਾਰਕ ਅਤੇ ਸਿਆਸੀ ਸਮਾਗਮ

ਇਸ ਵਿਚ ਇਨਕਲਾਬੀ ਗੀਤਾਂ, ਨਾਟਕਾਂ ਅਤੇ ਕਵਿਤਾਵਾਂ ਤੋਂ ਇਲਾਵਾ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ

ਇਕ ਵੱਡਾ ਨਾਟਕ ਟੁੰਡਾ ਹੌਲਦਾਰ ਜੋ ਕਿ ਇਸ ਮੌਕੇ ਲਈ ਖਾਸ ਤੌਰ ਤੇ ਇਕ ਵਰਕਸ਼ਾਪ ਵਿਚ

ਤਿਆਰ ਕੀਤਾ ਜਾ ਰਿਹਾ ਹੈ, ਪੇਸ਼ ਕੀਤਾ ਜਾਏਗਾ।

ਸਾਰਿਆਂ ਨੂੰ ਸਾਥੀਆਂ ਅਤੇ ਪਰਿਵਾਰ ਸਮੇਤ ਆਉਣ ਦਾ ਸੱਦਾ ਹੈ।

ਇਨਕਲਾਬੀ ਕੇਂਦਰ ਪੰਜਾਬ ਵਲੋਂ

17 ਜੂਨ, ਦੁਪਹਿਰ ਚਾਰ ਵਜੇ ਹਰਿਆਣਾਂ (ਹੁਸ਼ਿਆਰਪੁਰ)
18 ਜੂਨ, ਦਿਨੇ 11 ਵਜੇ ਪੰਜਾਬੀ ਭਵਨ, ਲੁਧਿਆਣਾ ਵਿਖੇ ਗੋਸ਼ਟੀਆਂ
ਪ੍ਰੋ: ਰਨਧੀਰ ਸਿੰਘ ਰਾਸ਼ਟਰਵਾਦ ਅਤੇ ਫਿਰਕਾਪ੍ਰਸਤੀ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਾਰਿਆਂ ਨੂੰ ਸੱਦਾ ਹੈ।

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕ ਪੁਰਾ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002, ਸਾਲਾਨਾ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: